# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 51 Thursday, March 19, 2020 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

FOR ADVERTISING IN CANADIAN PUNJABI POST CALL: 905-793-2202


# ਕੈਨੇਡਾ-ਅਮਰੀਕਾ ਸਰਹੱਦ ਕੀਤੀ ਗਈ ਬੰਦ

## *ਕੈਨੇਡੀਅਨਾਂ ਦੀ ਮਦਦ ਕਰਨ ਤੇ ਅਰਥਚਾਰੇ ਨੂੰ ਹੁਲਾਰਾ ਦੇਣ ਲਈ 82 ਬਿਲੀਅਨ ਡਾਲਰ ਖਰਚੇਗੀ ਸਰਕਾਰ * ਕਾਮਿਆਂ ਤੇ ਕਾਰੋਬਾਰਾਂ ਲਈ ਵੱਡੀ ਰਾਹਤ

ਓਟਵਾ, 18 ਮਾਰਚ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਐਲਾਨ ਕੀਤਾ ਗਿਆ ਹੈ ਕਿ ਹਰ ਤਰ੍ਹਾਂ ਦੀ ਗੈਰ ਜ਼ਰੂਰੀ ਆਵਾਜਾਈ ਲਈ ਕੈਨੇਡਾ-ਅਮਰੀਕਾ ਸਰਹੱਦ ਬੰਦ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਉਨ੍ਹਾਂ ਆਖਿਆ ਕਿ ਕੋਵਿਡ-19 ਮਹਾਮਾਰੀ ਦਰਮਿਆਨ ਫੈਡਰਲ ਸਰਕਾਰ ਸਿੱਧੇ ਤੌਰ ਉੱਤੇ ਦੇਸ਼ ਵਾਸੀਆਂ ਦੀ ਮਦਦ ਕਰਨ ਲਈ ਤੇ ਅਰਥਚਾਰੇ ਨੂੰ ਹੁਲਾਰਾ ਦੇਣ ਲਈ 82 ਬਿਲੀਅਨ ਡਾਲਰ ਖਰਚ ਕਰੇਗੀ।



ਮਦਦ ਲਈ ਚੁੱਕੇ ਜਾ ਰਹੇ ਵਿਲੱਖਣ ਕਦਮਾਂ ਤਹਿਤ ਟੈਕਸ ਲਈ ਦਿੱਤੀ ਡੈਡਲਾਈਨ ਟਾਲਣਾ, ਕੈਨੇਡਾ ਚਾਈਲਡ ਬੈਨੇਫਿਟ ਵਿੱਚ ਵਾਧਾ, ਨਿੱਕੇ ਕਾਰੋਬਾਰਾਂ ਲਈ ਵੇਜ ਸਬਸਿਡੀਜ਼, ਕਮਜ਼ੋਰ ਭੂਗੋਲਿਕ ਇਲਾਕਿਆਂ ਦੇ ਲੋਕਾਂ ਦੀ ਵਧੇਰੇ ਮਦਦ ਆਦਿ ਲਈ ਵੀ ਨਵੇਂ ਮਾਪਦੰਡ ਅਪਣਾਏ ਜਾਣਗੇ। ਪ੍ਰਧਾਨ ਮੰਤਰੀ ਨੇ ਆਖਿਆ ਕਿ ਸਾਰੇ ਕੈਨੇਡੀਅਨਾਂ ਨੂੰ ਕੋਵਿਡ-19 ਮਹਾਮਾਰੀ ਦੇ ਨਤੀਜੇ ਭੁਗਤਣੇ ਪੈਣਗੇ। ਕਈ ਲੋਕਾਂ ਨੂੰ ਤਾਂ ਇਹ ਚਿੰਤਾ ਸਤਾਅ ਰਹੀ ਹੈ ਕਿ ਮੌਜੂਦਾ ਪਾਬੰਦੀਆਂ ਕਦੋਂ ਤੱਕ ਜਾਰੀ ਰਹਿਣਗੀਆਂ ਤੇ ਉਹ ਕਿਸ ਹੱਦ ਤੱਕ ਇਨ੍ਹਾਂ ਨੂੰ ਸਹਿ ਸਕਣਗੇ।

ਪ੍ਰਧਾਨ ਮੰਤਰੀ ਟਰੂਡੋ ਨੇ ਆਖਿਆ ਕਿ ਸਰਕਾਰ ਵੱਲੋਂ ਚੁੱਕੇ ਜਾਣ ਵਾਲੇ ਇਨ੍ਹਾਂ ਨਵੇਂ ਮਾਪਦੰਡਾਂ ਤਹਿਤ ਤੁਸੀਂ ਕਿਤੇ ਵੀ ਰਹਿੰਦੇ ਹੋਵੋਂ, ਤੁਸੀਂ ਕੋਈ ਵੀ ਕੰਮ ਕਰਦੇ ਹੋਵੋਂ, ਜਾਂ ਤੁਸੀਂ ਕੁਝ ਵੀ ਹੋਵੋਂ ਤੁਹਾਨੂੰ ਮੁਸ਼ਕਲ ਦੀ ਇਸ ਘੜੀ ਵਿੱਚ ਸਾਡੇ ਵੱਲੋਂ ਮਦਦ ਦਿੱਤੀ ਜਾਵੇਗੀ।

ਟਰੂਡੋ ਦੇ ਸੰਬੋਧਨ ਤੋਂ ਕੁਝ ਪਲ ਪਹਿਲਾਂ ਹੀ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨੇ ਵੀ ਇਹ ਐਲਾਨ ਕੀਤਾ ਕਿ ਕੈਨੇਡਾ ਤੇ ਅਮਰੀਕਾ ਦਰਮਿਆਨ ਆਪਸੀ ਸਹਿਮਤੀ ਨਾਲ ਸਰਹੱਦ ਸੈਲਾਨੀਆਂ ਤੇ ਵਿਜ਼ੀਟਰਜ਼ ਲਈ ਆਰਜ਼ੀ ਤੌਰ ਉੱਤੇ ਬੰਦ ਕੀਤੀ ਜਾ ਰਹੀ ਹੈ।

ਪਹਿਲੇ ਕਦਮ ਦੇ ਤੌਰ ਤੇ, ਇਸ ਯੋਜਨਾ ਦਾ ਮਕਸਦ ਮਜ਼ਦੂਰਾਂ ਅਤੇ ਕਾਰੋਬਾਰਾਂ ਨੂੰ ਮਿਲ ਰਹੀਆਂ ਮੁਸ਼ਕਲਾਂ ਨਾਲ ਨਜਿੱਠਣ ਲਈ ਤੈਅਸ਼ੁਦਾ ਉਪਾਵਾਂ ਰਾਹੀਂ ਸਾਡੇ ਅਰਥਚਾਰੇ ਨੂੰ ਸਥਿਰ ਕਰਨਾ ਹੈ। ਇਹ ਯੋਜਨਾ, ਇਹ ਤੈਅ ਕਰਨ ਵਿੱਚ ਸਹਾਇਤਾ ਕਰੇਗੀ ਕਿ ਕਰਮਚਾਰੀਆਂ ਨੂੰ ਪੈਸੇ ਦੀ ਸਭ ਤੋਂ ਵੱਧ ਜ਼ਰੂਰਤ ਉਹਦੋਂ ਹੈ ਜਦੋਂ ਉਹ ਬਿਮਾਰ ਜਾਂ ਆਈਸੋਲੇਸ਼ਨ ਵਿੱਚ ਹਨ, ਜਾਂ ਕੰਮ ਵਿੱਚ ਆਈ ਕਿਸੇ ਰੁਕਾਵਟ ਕਾਰਨ ਆਮਦਨ ਵਿੱਚ ਕਮੀ ਦਾ ਸਾਹਮਣਾ ਕਰ ਰਹੇ ਹਨ।ਇਸ ਤੋਂ ਇਲਾਵਾ ਇਸ ਵਾਇਰਸ ਦੇ ਫੈਲਣ ਕਾਰਨ ਵਿੱਤੀ ਤੰਗੀ ਦਾ ਸਾਹਮਣਾ ਕਰ ਰਹੇ ਲੋਕਾਂ ਅਤੇ ਕਾਰੋਬਾਰਾਂ ਦੀ ਸਹਾਇਤਾ ਕਰਨ ਵਿੱਚ ਇਹ ਯੋਜਨਾ ਇੱਕ ਮਹੱਤਵਪੂਰਨ ਕਦਮ ਹੈ। ...ਬਾਕੀ ਪੰਨਾ 6 'ਤੇ

# ਇੰਡੋ ਕੈਨੇਡੀਅਨ ਜਥੇਬੰਦੀਆਂ ਵੱਲੋਂ ਗੁਰਰਤਨ ਸਿੰਘ ਦੇ ਬਿੱਲ ਦੀ ਨਿਖੇਧੀ

ਟੋਰਾਂਟੋ, 18 ਮਾਰਚ (ਪੋਸਟ ਬਿਊਰੋ) : ਇਸ ਸਮੇਂ ਜਦੋਂ ਮਨੁੱਖਤਾ ਦੇ ਸਾਹਮਣੇ ਕੋਵਿਡ-19 ਵਰਗੀ ਮਹਾਮਾਰੀ ਦਾ ਸੰਕਟ ਖੜ੍ਹਾ ਹੈ ਤੇ ਦੁਨੀਆਂ ਭਰ ਦੇ ਆਗੂ ਇਸ ਮਹਾਮਾਰੀ ਨੂੰ ਖਤਮ ਕਰਨ ਲਈ ਹੱਲ ਤਲਾਸ਼ਣ ਵਿੱਚ ਲੱਗੇ ਹੋਏ ਹਨ ਅਜਿਹੇ ਵਿੱਚ ਐਮੀਪੀਪ ਗੁਰਰਤਨ



ਸਿੰਘ ਵੱਲੋਂ ਓਨਟਾਰੀਓ ਵਿਧਾਨ ਸਭਾ ਨੂੰ ਅਜਿਹੇ ਬਿੱਲ ਉੱਤੇ ਬਹਿਸ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ ਜਿਸ ਦਾ ਮੌਜੂਦਾ ਹਾਲਾਤ ਨਾਲ ਕੋਈ ਲੈਣਾ ਦੇਣਾ ਨਹੀਂ ਹੈ।

ਗੁਰਰਤਨ ਸਿੰਘ, ਜੋ ਕਿ ਬਰੈਂਪਟਨ ਈਸਟ ਤੋਂ ਓਨਟਾਰੀਓ ਵਿਧਾਨ ਸਭਾ ਦੇ ਮੈਂਬਰ ਹਨ, ਚਾਹੁੰਦੇ ਹਨ ਕਿ ਹਰ ਸਾਲ ਨਵੰਬਰ ਦੇ ਪਹਿਲੇ ਹਫਤੇ ਨੂੰ ਸਿੱਖ ਜੀਨੋਸਾਈਡ ਵੀਕ ਵਜੋਂ ਮਨਾਇਆ ਜਾਵੇ। ਗੁਰਰਤਨ ਸਿੰਘ ਦੇ ਬਿੱਲ ਨੰ. 177 ਦੀ ਨਿਖੇਧੀ ਕਰਨ ਲਈ ਟੋਰਾਂਟੋ ਦੀਆਂ ਹੇਠ ਲਿਖੀਆਂ ਸੰਸਥਾਵਾਂ ਨੇ ਇੱਕਜੁੱਟ ਹੋ ਕੇ ਆਵਾਜ਼ ਬੁਲੰਦ ਕੀਤੀ : ...ਬਾਕੀ ਪੰਨਾ 6 'ਤੇ

## ਅੰਦਰ ਪੜ੍ਹੋ

ਐਲੀਮੈਂਟਰੀ ਤੇ ਹਾਈ ਸਕੂਲ ਵਿਦਿਆਰਥੀਆਂ ਦੇ ਸਟੈਂਡਰਡਾਈਜ਼ਡ ਟੈਸਟ ਰੱਦ



ਪੰਨਾ 03

ਕੋਰੋਨਾ ਵਾਇਰਸ: ਸੰਸਾਰ ਵਿੱਚ ਦੋ ਲੱਖ ਤੋਂ ਵੱਧ ਲੋਕ ਪ੍ਰਭਾਵਤ, ਮੌਤਾਂ ਦੀ ਗਿਣਤੀ ਨੌਂ ਹਜ਼ਾਰ ਨੇੜੇ ਪੁੱਜੀ



ਪੰਨਾ 04

# ਕੈਨੇਡੀਅਨ ਬੈਂਕਾਂ ਨੇ ਮਾਰਗੇਜ ਸਬੰਧੀ ਅਦਾਇਗੀਆਂ ਕੀਤੀਆਂ ਮੁਲਤਵੀ

ਟੋਰਾਂਟੋ, 18 ਮਾਰਚ (ਪੋਸਟ ਬਿਊਰੋ) : ਕੋਵਿਡ-19 ਦੇ ਪਸਾਰ ਨੂੰ ਘਟਾਉਣ ਲਈ ਚੁੱਕੇ ਜਾ ਰਹੇ ਕਦਮਾਂ ਕਾਰਨ ਪਏ ਵਿਘਨ ਤੋਂ ਪਰੇਸ਼ਾਨ ਕਸਟਮਰਜ਼ ਨੂੰ ਥੋੜ੍ਹੀ ਰਾਹਤ ਦੇਣ ਲਈ ਕੈਨੇਡਾ ਦੇ ਵੱਡੇ ਬੈਂਕਾਂ ਵੱਲੋਂ ਪਹਿਲ ਕੀਤੀ ਗਈ ਹੈ।

ਛੇ ਵੱਡੇ ਬੈਂਕਾਂ ਦਾ ਕਹਿਣਾ ਹੈ ਕਿ ਉਹ ਹੋਰਨਾਂ ਤਬਦੀਲੀਆਂ ਤੋਂ ਇਲਾਵਾ ਆਪਣੇ ਕਸਟਮਰਜ਼ ਨੂੰ ਮਾਰਗੇਜ ਸਬੰਧੀ ਅਦਾਇਗੀਆਂ ਅਗਲੇ ਛੇ ਮਹੀਨੇ ਤੱਕ ਮੁਲਤਵੀ ਕਰਨ ਦੀ ਇਜਾਜ਼ਤ ਦਿੰਦੇ ਹਨ। ਬੈਂਕ ਨਾਲ ਸਿੱਧੇ ਤੌਰ ਉੱਤੇ ਸੰਪਰਕ ਕਰਨ ਵਿੱਚ ਦਿਕਤ ਮਹਿਸੂਸ ਕਰ ਰਹੇ ਕੈਨੇਡੀਅਨਾਂ ਤੇ ਕਾਰੋਬਾਰੀਆਂ ਨੂੰ ਇਨ੍ਹਾਂ ਬੈਂਕਾਂ ਨੇ ਉਪਲਬਧ ਬਦਲਾਂ ਬਾਰੇ ਸਿੱਧੇ ਤੌਰ ਉੱਤੇ ਬੈਂਕ ਨਾਲ ਹੀ ਵਿਚਾਰ ਵਟਾਂਦਰਾ ਕਰਨ ਦੀ ਅਪੀਲ ਕੀਤੀ ਹੈ।

ਇਹ ਕਦਮ ਉਦੋਂ ਚੁੱਕਿਆ ਜਾ ਰਿਹਾ ਹੈ ਜਦੋਂ ਵੱਡੇ ਬੈਂਕ ਨੋਵਲ ਕਰੋਨਾਵ-ਾਇਰਸ ਨੂੰ ਫੈਲਣ ਤੋਂ ਰੋਕਣ ਲਈ ਆਰਜ਼ੀ ਤੌਰ ਉੱਤੇ ਆਪਣੇ ਆਪਰੇਟਿੰਗ ਘੰਟਿਆਂ ਨੂੰ ਸੀਮਤ ਕਰ ਰਹੇ ਹਨ ਤੇ ਲੋੜੀਂਦੀਆ ਸੇਵਾਵਾਂ ਜਾਰੀ ਰੱਖਣ ਲਈ ਬ੍ਰਾਂਚਾਂ ਦੀ ਗਿਣਤੀ ਘਟਾ ਰਹੇ ਹਨ। ਪਬਲਿਕ ਹੈਲਥ ਅਧਿਕਾਰੀਆਂ ਵੱਲੋਂ ਲੋਕਾਂ ਨੂੰ ਕਰੋਨ-ਾਵਾਇਰਸ ਤੋਂ ਬਚਣ ਲਈ ਹੋਰਨਾਂ ਨਾਲ ਸੰਪਰਕ ਘਟਾਉਣ ਦੀ ਸਲਾਹ ਦਿੱਤੀ ਗਈ ਹੈ।


Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance, Critical illness Ins, Travel & Visitor Ins, RESP & TFSA & RRSP
Super Visa Insurance, Mortgage Insurance, Disability Insurance, Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance, Life & Disability, Critical illness, RESP, Visitor & Travel insurance
(416-845-1352) Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration, Real Estate / Commercial Law, Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780 905.796.0000
900 Raylawson Blvd. Unit # 6, Brampton

Law Office of Aman Sharma
Real Estate, Commercial Lease, Business Purchase & Sale, Notarizations & Affidavits, Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

KELLEY LAW OFFICE
Immigration, Family Law, Corporate, Real Estate, Business Closing, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗ੍ਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley 905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

Super Visa Insurance, Visitor Visa Insurance, Travel Insurance, Student Insurance, New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

A1 RENOVATIONS
Commercial & Residential Renovations
**Professional, Reliable & Experienced**
Services: Painting, Drywalls, Plumbing, Electrical, Flooring
Complete Basement Renovation, Kitchen & Washrooms, Concrete Services (Driveways & Sidewalks)
5-10 % DISCOUNT
Note: Complete basement (passed by city) Certified GasTechnician
Call Bobby Mann today !! 647-407-9595 a1floor_2000@hotmail.com *Some condition apply

DHINDSA LAW
Barrister, Solicitor & Notary Public
Criminal and Family Law, Immigration, Real Estate, Wills, Affidavits & Notarizations
Special Discount For Student & Senior Citizens
NAVDEEP DHINDSA B-Tech/ LLB
LOCATIONS: 10510 Torbram Rd Unit-J1, Brampton L6R 3N9 (Torbram & Sandalwood) | 330 Highway 7 E, Suite 309, Richmond Hill- L4B 3P8
Cell: 437 998 1429

Royal Pest Control
Residential Commercial Industrial
Specialist in Bedbugs Service
All Pest Control: Mouse & Rats, Cockroaches, Spiders & Fleas, Carpenter Ants, Bedbugs, Silver Fish, Wasps, Racoons
Call : PARESH PATEL 416 938 4598

MANN LAW FIRM
Real Estate Law, Wills & Estates, Power of Attorney, Affidavits Notarization / Declaration, Business Law, Family Law, Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9 T: 905 799 9333 www.mannlawfirm.ca

You can Place Your Business Here To Reach Wider Audience (905)793-2202

HELPING YOU PLAN TODAY...FOR TOMORROW
Supervisa / Visitor Insurance, Life /Mortgage/Funeral Insurance, Disability Insurance, Critical Illness Insurance, RESP /RRSP
www.ufsinsurance.com
JATINDERBIR S BAJWA Insurance Broker Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

HSBA Tax Services
20% Discount For Students, New Immigrants and Senior Citizens
Personal / Corporation Tax, Accounting / Bookkeeping, Business Registrations, HST/WSIB/Payroll, Financial Statements/Audits, Mortgages and Loans
647-720-5278 PRABHJOT KAUR (Sr. Accountant, M.B.A)
77-100 Maritime Ontario Blvd.,Brampton, ON L6S 0E7

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001 NC Dhawan Certified Instructor

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets, Legal Basement, Completly Furnished, Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205 www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

# 2019 ਨੋਵਲ ਕਰੋਨਾਵਾਇਰਸ (COVID-19) ਤੁਹਾਡੇ ਅਤੇ ਤੁਹਾਡੇ ਪਰਿਵਾਰ ਦੇ ਸੁਰੱਖਿਅਤ ਰਹਿਣ ਲਈ ਤੁਹਾਡਾ ਜਾਣਨਾ ਕੀ ਜ਼ਰੂਰੀ ਹੈ

- ਆਪਣੇ ਹੱਥ ਪਾਣੀ ਅਤੇ ਸਾਬਣ ਨਾਲ ਚੰਗੀ ਤਰਾਂ ਅਤੇ ਬਾਰ ਬਾਰ ਧੋਵੋ
- ਛੂਹਣ ਵਾਲੀਆਂ ਚੀਜ਼ਾਂ ਨੂੰ ਸਾਫ ਅਤੇ ਕਿਟਾਣੂ ਰਹਿਤ ਰੱਖੋ
- ਖਾਂਸੀ ਅਤੇ ਛਿੱਕ ਕਰਦੇ ਸਮੇਂ ਟਿਸ਼ੂ ਦੀ ਵਰਤੋਂ ਕਰੋ ਅਤੇ ਟਿਸ਼ੂ ਨੂੰ ਜਲਦ ਹੀ ਸੁੱਟ ਦੇਵੋ ਅਤੇ ਆਪਣੇ ਹੱਥ ਧੋਵੋ
- ਜੇਕਰ ਬਿਮਾਰ ਹੋ ਤਾਂ ਘਰ ਵਿਚ ਹੀ ਰਹੋ

ਜੇਕਰ ਬਿਮਾਰੀ ਦਾ ਕੋਈ ਲੱਛਣ ਹੈ ਤਾਂ ਸੰਪਰਕ ਕਰੋ
Telehealth Ontario at:
**1-866-797-0000**
**TTY: 1-866-797-0007**
Or Contact your health care provider

ਹੋਰ ਜਾਣਕਾਰੀ ਲਈ
visit **Ontario.ca/coronavirus**



## Amarjot Sandhu, MPP
## Brampton West
## ਅਮਰਜੋਤ ਸੰਧੂ, ਐਮ ਪੀ ਪੀ
## ਬਰੈਂਪਟਨ ਵੈਸਟ

CONSTITUENCY OFFICE:
10 Gillingham Drive
Unit 309, Brampton, ON L6X 0G6
Tel: 905-595-1532

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

# ਓਨਟਾਰੀਓ ਨੇ ਐਲੀਮੈਂਟਰੀ ਤੇ ਹਾਈ ਸਕੂਲ ਵਿਦਿਆਰਥੀਆਂ ਦੇ ਸਟੈਂਡਰਡਾਈਜ਼ਡ ਟੈਸਟ ਕੀਤੇ

ਓਨਟਾਰੀਓ, 18 ਮਾਰਚ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਮੰਗਲਵਾਰ ਨੂੰ ਇਹ ਐਲਾਨ ਕੀਤਾ ਗਿਆ ਹੈ ਕਿ ਬਾਕੀ ਰਹਿੰਦੇ 2019-2020 ਸਕੂਲ ਵਰ੍ਹੇ ਲਈ ਪ੍ਰੋਵਿੰਸ ਵੱਲੋਂ ਐਲੀਮੈਂਟਰੀ ਤੇ ਹਾਈ ਸਕੂਲ ਵਿਦਿਆਰਥੀਆਂ ਦੇ ਸਟੈਂਡਰਡਾਈਜ਼ਡ ਟੈਸਟ ਰੱਦ ਕੀਤੇ ਜਾ ਰਹੇ ਹਨ।



ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਆਖਿਆ ਕਿ ਇਹ ਕਦਮ ਕੋਵਿਡ-19 ਮਹਾਮਾਰੀ ਦੇ ਚੱਲਦਿਆਂ ਬੇਹੱਦ ਦਬਾਅ ਵਿੱਚੋਂ ਲੰਘ ਰਹੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਰਾਹਤ ਦੇਣ ਲਈ ਚੁੱਕੇ ਗਏ ਹਨ। ਇੱਕ ਬਿਆਨ ਵਿੱਚ ਲਿਚੇ ਨੇ ਆਖਿਆ ਕਿ ਪਿਛਲੇ ਕੁੱਝ ਦਿਨਾਂ ਵਿੱਚ ਉਨ੍ਹਾਂ ਦੇ ਮੰਤਰਾਲੇ ਵੱਲੋਂ ਐਲੀਮੈਂਟਰੀ ਤੇ ਸੈਕੰਡਰੀ ਵਿਦਿਆਰਥੀਆਂ ਦੇ ਮਾਪਿਆਂ, ਵਿਦਿਆਰਥੀਆਂ, ਐਜੂਕੇਟਰਜ਼ ਤੇ ਪ੍ਰਸ਼ਾਸਕੀ ਅਧਿਕਾਰੀਆਂ ਨਾਲ ਸਟੈਂਡਰਡਾਈਜ਼ਡ ਟੈਸਟਾਂ ਦੇ ਸਬੰਧ ਵਿੱਚ ਸਲਾਹ ਮਸ਼ਵਰਾ ਕੀਤਾ ਗਿਆ ਸੀ। ਇਸ ਸਲਾਹ ਮਸ਼ਵਰੇ ਤੋਂ ਬਾਅਦ ਆਪਣੇ ਵਿਦਿਆਰਥੀਆਂ ਤੇ ਅਮਲੇ ਦੀ ਹਿਫਾਜ਼ਤ ਲਈ ਬਾਕੀ ਰਹਿੰਦੇ 2019-2020 ਸਕੂਲ ਵਰ੍ਹੇ ਵਾਸਤੇ ਪ੍ਰੋਵਿੰਸ ਵੱਲੋਂ ਐਲੀਮੈਂਟਰੀ ਤੇ ਹਾਈ ਸਕੂਲ ਵਿਦਿਆਰਥੀਆਂ ਦੇ ਸਟੈਂਡਰਡਾਈਜ਼ਡ ਟੈਸਟ ਰੱਦ ਕਰ ਦਿੱਤੇ ਗਏ ਹਨ।

ਲਿਚੇ ਨੇ ਆਖਿਆ ਕਿ ਈਕਿਊਏਓ ਟੈਸਟਾਂ ਨੂੰ ਰੱਦ ਕੀਤੇ ਜਾਣ ਨਾਲ ਵਿਦਿਆਰਥੀਆਂ ਦੀ ਗ੍ਰੈਜੂਏਸ਼ਨ ਵਿੱਚ ਕੋਈ ਰੁਕਾਵਟ ਨਹੀਂ ਪਵੇਗੀ। ਉਨ੍ਹਾਂ ਆਖਿਆ ਕਿ ਅਸੀਂ ਸਾਡੇ ਵਿਦਿਆਰਥੀਆਂ ਤੇ ਅਮਲੇ ਦੀ ਸੇਫਟੀ ਨੂੰ ਯਕੀਨੀ ਬਣਾਉਣ ਲਈ ਓਨਟਾਰੀਓ ਦੇ ਚੀਫ ਮੈਡੀਕਲ ਆਫੀਸਰ ਦੀ ਸਲਾਹ ਉੱਤੇ ਕੰਮ ਕਰ ਰਹੇ ਹਾਂ।

ਜ਼ਿਕਰਯੋਗ ਹੈ ਕਿ ਪ੍ਰੋਵਿੰਸ ਵੱਲੋਂ ਪਿਛਲੇ ਹਫਤੇ ਇਹ ਐਲਾਨ ਕੀਤਾ ਗਿਆ ਸੀ ਕਿ ਟੈਕਸਦਾਤਾਵਾਂ ਵੱਲੋਂ ਦਿੱਤੇ ਫੰਡਾਂ ਨਾਲ ਚੱਲਣ ਵਾਲੇ ਸਕੂਲ ਮਾਰਚ ਦੀਆਂ ਛੁੱਟੀਆਂ ਤੋਂ ਬਾਅਦ ਵੀ ਘੱਟੋ ਘੱਟ ਦੋ ਹਫਤਿਆਂ ਲਈ ਬੰਦ ਰਹਿਣਗੇ। ਇਹ ਸਾਰੇ ਉਚੇਚੇ ਕਦਮ ਕੋਵਿਡ-19 ਨੂੰ ਅੱਗੈ ਫੈਲਣ ਤੋਂ ਰੋਕਣ ਲਈ ਕੀਤਾ ਜਾ ਰਿਹਾ ਹੈ। ਮੰਗਲਵਾਰ ਸਵੇਰੇ ਪ੍ਰੀਮੀਅਰ ਡੱਗ ਫੋਰਡ ਵੱਲੋਂ ਪ੍ਰੋਵਿੰਸ ਵਿੱਚ ਐਮਰਜੰਸੀ ਵਾਲੇ ਹਾਲਾਤ ਦਾ ਐਲਾਨ ਕੀਤਾ ਗਿਆ ਸੀ। ਇਸ ਤਹਿਤ ਹੀ ਕਰੋਨਾਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਬਿਜ਼ਨਸ ਸਕੂਲ, ਯੂਨੀਵਰਸਿਟੀਜ਼ ਤੇ ਜਨਤਕ ਥਾਂਵਾਂ ਨੂੰ ਬੰਦ ਕਰਨ ਦਾ ਐਲਾਨ ਵੀ ਕੀਤਾ ਗਿਆ ਸੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Forklift Training
Forklift $79
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

MISSISSAUGA BRAMPTON
AFFORDABLE LIVING
CAMBRIDGE KITCHENER WATERLOO

Separate Entrance Basement
DOON SOUTH - KITCHENER
" 4 BEDROOM HOME"
SEPARATE ENTRANCE TO BASEMENT
ਡੂਨ ਸਾਊਥ ਕਿਚਨਰ ਦੇ ਮਸ਼ਹੂਰ ਏਰੀਏ ਵਿੱਚ ਬਣਿਆ ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਘਰ। ਕਸਟਮ ਡਿਜਾਈਨ ਕੀਤੀ ਗਈ ਕਿਚਨ ਅਤੇ ਅਪਗ੍ਰੇਡੇਡ ਸਟੇਨਲੈਸ ਸਟੀਲ ਅਪਲਾਈਨਸੈਸ, ਪੈਂਟਰੀ ਅਤੇ ਬਹੁਤ ਵੱਡੀ ਇਟੀਂਗ ਆਈਲੈਂਡ। ਡਾਇਨਿੰਗ ਰੂਮ ਵਿੱਚ ਵੱਡਾ ਪਰਿਵਾਰ ਬੈਠ ਕੇ ਆਰਾਮ ਨਾਲ ਖਾਣਾ ਖਾ ਸਕਦੇ ਹਨ। ਮੈਨ ਫਲੋਰ ਵਿੱਚ 9 ਫੁੱਟ ਦੀ ਸਿਲਿੰਗ ਹੈ ਅਤੇ ਵੱਡੀਆਂ ਵਿੰਡੋਜ਼ ਹਨ । ਬਹੁਤ ਵੱਡਾ ਮਾਸਟਰ ਬੈਡਰੂਮ ਹੈ ਜਿਸ ਵਿੱਚ ਵਾਕ ਇਨ ਕਲਾਜਟ ਅਤੇ ਇਨਸੂਟ ਵਾਸ਼ਰੂਮ ਹੈ। ਫਿਨੀਸ਼ਡ ਬੇਸਮੈਂਟ ਲਈ ਸੇਪਰੈਟ ਏਨਟਰੈਂਸ ਹੈ। ਡਬਲ ਅਟੈਚਡ ਗਰਾਜ ਹੈ ਅਤੇ ਫੈਂਸ ਯਾਰਡ ਹੈ।
ASKING $839,000. MLS # 30784447
Call Joseph today 519-575-2777

IN - LAW SUITE
"LUXURIOUS - LARGE CUSTOM 2 STORY IN - LAW SUIT FINISHED WALK OUT BASEMENT"
ਬਹੁਤ ਹੀ ਸੋਹਣਾ 4500 ਸੁਕੇਅਰ ਫੁੱਟ ਵਿੱਚ ਬਣਿਆ 4+1 ਬੈਡਰੂਮ, ਇਨ ਲਾਅ ਸੂਟ ਬੇਸਮੈਂਟ। ਲਕਜ਼ਰੀ ਫਿਨੀਸ਼ਿੰਗ। ਘਰ ਵਿੱਚ ਦਾਖਲ ਹੁੰਦਿਆਂ ਹੀ ਡਬਲ ਫੋਯਰ ਤੁਹਾਨੂੰ ਹੈਰਾਨ ਕਰ ਦੇਣਗੇ। ਕਸਟਮ ਬਿਲਟ ਕਿਚਨ ਅਤੇ ਅਪਗ੍ਰੇਡੇਡ ਅਪਲਾਈਨਸੈਸ ਅਤੇ ਵੱਡੀ ਆਈਲੈਂਡ ਅਤੇ ਗਰੇਨਾਈਟ ਕਾਊਨਟਰ। ਮਾਸਟਰ ਬੈਡਰੂਮ 4 ਪੀਸ ਈਨਸੂਟ ਅਤੇ ਬਹੁਤ ਵੱਡੀਆਂ ਵਾਕ ਇਨ ਕਲਾਜਟ। ਵਾਕ ਆਊਟ ਬੇਸਮੈਂਟ ਜਿਸ ਦੀ ਸੇਪਰੈਟ ਏਨਟਰੈਂਸ ਹੈ। ਰਿਕ੍ਰੇਸ਼ਨ ਰੂਮ ਵਿੱਚ ਕਸਟਮ ਕੈਬਨੇਟ ਅਤੇ ਬੋਸ ਸਾਊਂਡ ਦੇ ਨਾਲ ਗੇਸ ਫਾਇਰ ਪਲੇਸ। ਬੇਸਮੈਂਟ ਦੇ ਨਾਲ ਪੂਲ ਅਤੇ ਹੋਟ ਟੱਬ ਵੀ ਹੈ। ਬਹੁਤ ਵੱਡੀ ਡਬਲ ਗਰਾਜ ਅਤੇ ਸਟੈਂਪਡ ਕੰਕ੍ਰੀਟ ਡਰਾਈਵੇਅ। ASKING $985,000.
MLS # 30790796
Call Joseph today 519-575-2777

IN - LAW SUITE 2018
Gated Executive Community
Large Custom Built Bungalow
"EXECUTIVE LARGE FAMILY HOME IN-LAW SUITE"
MLS# 30781327
ਬਹੁਤ ਹੀ ਸੋਹਣਾ 6000 ਫੁੱਲੀ ਫਰਨੀਸ਼ਡ ਸੁਕੇਅਰ ਫੁੱਟ ਬੰਗਲਓ ਜਿਸ ਦੀ ਫੁੱਲੀ ਫਰਨੀਸ਼ਡ ਬੇਸਮੈਂਟ ਹੈ। ਵੱਡੇ ਪਰਿਵਾਰ ਲਈ ਬਹੁਤ ਹੀ ਵਧੀਆ ਘਰ । ਮੈਨ ਫਲੋਰ ਵਿੱਚ 3 ਵੱਡੇ ਬੈਡਰੂਮ ਹਨ। ਬਹੁਤ ਹੀ ਖੁੱਲੇ ਫੈਮਲੀ ਰੂਮ ਵਿੱਚ ਕਫਰਡ ਸਿਲਿੰਗ +ਗੇਸ ਫਾਇਰ ਪਲੇਸ । ਕਸਟਮ ਡਿਜਾਇਨ ਕੀਤੀ ਗਈ ਕਿਚਨ ਜਿਸ ਵਿੱਚ ਡਬਲ ਆਈਲੈਂਡ ਅਤੇ ਇਟੀਗ ਬਾਰ ਅਤੇ ਕਮਰਸ਼ੀਅਲ ਗਰੇਡ ਅਪਲਾਈਨਸੈਸ ਹਨ। ਡਾਇਨਿੰਗ ਕਮਰੇ ਵਿੱਚ ਲਗਭਗ 14 ਬੰਦੇ ਬੈਠ ਕੇ ਖਾਣਾ ਖਾ ਸਕਦੇ ਹਨ। ਫਿਨੀਸ਼ਡ ਟ੍ਰਿਪਲ ਗਰਾਜ। ਫੁੱਲੀ ਲੈਂਡਸਕੇਪਡ ਵੱਧੀਆ ਕਮਿਊਨਿਟੀ ਵਿੱਚ ।
ASKING $1,550,000
Call Joseph today 519-575-2777

" BUILDERS / DEVELOPERS"
"23 LOT APPROVED SUBDIVISION"
" 66 foot lots "
Incredible opportunity that will not last! This 23 lot approved sub division means you do not have to wait to build. All engineering is complete. Ready to go !
Asking $ 1,990,000
Call Joseph today 519-575-2777

End Unit Townhome
4 BEDROOM + 2 BATHROOM END UNIT TOWN HOME WITH FINISHED BASEMENT
ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 4 ਬੈਡਰੂਮ ਅਤੇ 2 ਵਾਸ਼ਰੂਮ ਦਾ ਐਂਡ ਯੂਨੀਟ ਟਾਊਨ ਹੋਮ ਅਤੇ ਫਿਨੀਸ਼ਡ ਬੇਸਮੈਂਟ। ਸਟੋਰੇਜ ਲਈ ਖੁੱਲੀ ਥਾਂ, ਫੈਂਸ ਬੈਕਯਾਰਡ ਅਤੇ 2 ਅੰਡਰ ਗਰਾਊਂਡ ਪਾਰਕਿੰਗ ਸਪਾਟ। ਕਿਚਨ ਵਿੱਚ ਗਰੇਨਾਈਟ ਕਾਊਨਟਰ ਟਾਪ ਅਤੇ ਓਪਨ ਕੰਸੇਪਟ। ਕਾਂਡੋ ਫੀਸ ਵਿੱਚ ਪਾਣੀ, ਕੇਬਲ ਅਤੇ ਸਾਰੀਆ ਅੰਦਰੀ ਬਿਲਡਿੰਗ ਦੀ ਸਾਂਭ ਸੰਭਾਲ ਦਾ ਖਰਚਾ ਸ਼ਾਮਲ ਹੈ। ਤੁਸੀ ਕਦੀ ਵੀ ਆ ਕੇ ਦੇਖ ਸਕਦੇ ਹੋ ।
ASKING $524,900
Call Joseph today 519-575-2777
MLS #30790510

BRAND NEW HOME
3 BEDROOM + 3 WASHROOM BRAND NEW 2 STORY HOME
ਬਰੈਂਡ ਨੀਊ 2 ਸਟੋਰੀ ਘਰ ਜਿਸ ਵਿੱਚ 3 ਬੈਡਰੂਮ ਅਤੇ 3 ਵਾਸ਼ਰੂਮ ਹਨ ਅਤੇ ਬਹੁਤ ਸਾਰੀਆਂ ਅਪਗ੍ਰੇਡਜ਼ ਕੀਤੀਆਂ ਹਨ। ਰੋਸ਼ਨਦਾਰ ਅਤੇ ਖੁੱਲਾ ਫਲੋਰ ਪਲਾਨ। ਬਹੁਤ ਹੀ ਵੱਡੀ ਕਿਚਨ ਹੈ ਜਿਸ ਵਿੱਚ ਅਪਗ੍ਰੇਡਡ ਕੈਬਨੇਟ ਅਤੇ ਬਹੁਤ ਵੱਡਾ ਆਈਲੈਂਡ ਅਤੇ ਸੈਂਟਰ ਸਿੰਕ ਹੈ। ਮੈਨ ਫਲੋਰ ਵਿੱਚ ਟਾਈਲਾਂ ਅਤੇ ਅਪਗ੍ਰੇਡੇਡ ਲੈਮੀਨੇਟ ਫਲੋਰਿੰਗ ਹੈ। ਬਹੁਤ ਹੀ ਸੋਹਣੀ ਹਾਰਡਵੂਡ ਦੀ ਪੋੜੀਆਂ ਅਤੇ ਰੇਲਿੰਗ ਦੂਜੇ ਫਲੋਰ ਨੂੰ ਜਾਂਦੀ ਹੈ । ਦੂਜੇ ਫਲੋਰ ਵਿੱਚ 2 ਵੱਡੇ ਬੈਡਰੂਮ, ਲਾਂਡਰੀ ਰੂਮ ਅਤੇ ਵੱਡਾ ਮਾਸਟਰ ਬੈਡਰੂਮ ਹੈ ਜਿਸ ਵਿੱਚ ਵਾਕ ਇਨ ਕਲਾਜਟ ਅਤੇ ਇਨਸੂਟ ਵਾਸ਼ਰੂਮ ਹੈ।
MLS #30790214
ASKING $634,900
Call Joseph today 519-575-2777

Joseph INGRAM
SALES REPRESENTATIVE
Call/Text Direct today!
519-575-2777
Joseph@JosephIngram.com
#1 REALTOR TOP INDIVIDUAL SALES CAMBRIDGE 2018
RE/MAX Real Estate Centre, Brokerage
Cambridge 519-623-6200
Kitchener 519-741-0950
Awards earned From 2000-2018

**Testimonials**
1) "Joseph brings immense real estate knowledge and research to your disposal. Whether you are buying or selling with him; Joseph stands by you and goes above and beyond to get you the BEST DEAL !" R. MISTRY, Kitchener
2) " I value Joseph's knowledge and privacy in my dealing with him. Joseph is attentive to my family needs and is courteous and respectful. I recommend Joseph to anyone wanting to buy real estate. M. SAHA , Cambridge

## ਅੱਜ ਨਾਮਾ

ਅੰਕੜੇ ਬਦਲ ਕੇ ਰੋਜ਼ ਇਹ ਖਬਰ ਆਵੇ,
ਵਧਦਾ ਜਾਂਦਾ ਕੋਰੋਨਾ ਦਾ ਕਹਿਰ ਮਿੱਤਰ।
ਚੜ੍ਹ ਕੇ ਚੀਨ ਤੋਂ ਯੂਰਪ ਦੇ ਵੱਲ ਖਿਸਕੀ,
ਦੇਸ਼ੋਂ-ਦੇਸ਼ ਹੈ ਚੱਲ ਪਈ ਲਹਿਰ ਮਿੱਤਰ।
ਔਕੜ ਵਿੱਚ ਹਨ ਇਟਲੀ ਈਰਾਨ ਵਾਲੇ,
ਸਕੀ ਜਿੱਥੇ ਨਾ ਹਾਲੇ ਵੀ ਠਹਿਰ ਮਿੱਤਰ।
ਭਾਰਤ ਵਿੱਚ ਵੀ ਇਸ ਦੀ ਹੋਈ ਆਮਦ,
ਸਹਿਮੇ ਹੋਏ ਨੇ ਪਿੰਡ ਤੇ ਸ਼ਹਿਰ ਮਿੱਤਰ।
ਏਧਰ ਮੌਤਾਂ ਦੀ ਗਿਣਤੀ ਵੀ ਕਰਨ ਔਖੀ,
ਚੱਲਦੀ ਨਵੀਂ ਆ ਸੁਣੀਂਦੀ ਵਾਅ ਮਿੱਤਰ।
ਦਵਾਈਆਂ ਕੌਣ ਬਣਾਊ, ਫਿਰ ਕੌਣ ਵੇਚੂ,
ਅਮਰੀਕਾ-ਚੀਨ ਨੇ ਖੇਡਦੇ ਦਾਅ ਮਿੱਤਰ।

**ਤੀਸ ਮਾਰ ਖਾਂ**

# ਕੋਰੋਨਾ ਵਾਇਰਸ: ਸੰਸਾਰ ਵਿੱਚ ਦੋ ਲੱਖ ਤੋਂ ਵੱਧ ਲੋਕ ਪ੍ਰਭਾਵਤ, ਮੌਤਾਂ ਦੀ ਗਿਣਤੀ ਨੌਂ ਹਜ਼ਾਰ ਨੇੜੇ ਪੁੱਜੀ

ਪੈਰਿਸ, 18 ਮਾਰਚ, (ਪੋਸਟ ਬਿਊਰੋ)- ਸੰਸਾਰ ਪੱਧਰ ਦੀ ਮਹਾਮਾਰੀ ਐਲਾਨੇ ਜਾ ਚੁੱਕੇ ਕੋਰੋਨਾ ਵਾਇਰਸ ਦੀ ਮਾਰ ਹੇਠ ਆਏ ਲੋਕਾਂ ਦੀ ਗਿਣਤੀ ਬੁੱਧਵਾਰ ਦੇ ਦਿਨ ਦੋ ਲੱਖ ਨੂੰ ਪਾਰ ਕਰ ਗਈ ਹੈ ਤੇ ਵੀਰਵਾਰ ਦੀ ਸਵੇਰ ਤੱਕ ਇਸ ਮਹਾਮਾਰੀ ਨਾਲ 8943 ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਸ ਦੇ ਕਾਰਨ ਆਰਥਿਕ ਮੰਦੀ ਦੇ ਖਤਰੇ ਨਾਲ ਨਜਿੱਠਣ ਲਈ ਅਮਰੀਕਾ ਤੇ ਬ੍ਰਿਟੇਨ ਵੱਲੋਂ ਅਰਬਾਂ ਡਾਲਰ ਦੇ ਆਰਥਿਕ ਪੈਕੇਜ ਦਾ ਐਲਾਨ ਕੀਤਾ ਗਿਆ ਹੈ।

ਅੱਜ ਵਾਸ਼ਿੰਗਟਨ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਅਸੀਂ ਇਕ ਇਸ ਤਰ੍ਹਾਂ ਦੀ ਫੌਜ ਦੇ ਖਿਲਾਫ ਜੰਗ ਲੜ ਰਹੇ ਹਾਂ, ਜਿਸ ਨੂੰ ਹਰਾਉਣ ਲਈ ਸਾਡੇ ਕੋਲ ਪੂਰੇ ਯੋਗ ਹਥਿਆਰ ਨਹੀਂ, ਪਰ ਅਸੀਂ ਫਿਰ ਵੀ ਇਸ ਨੂੰ ਜਿੱਤਾਂਗੇ। ਸੈਰ-ਸਪਾਟਾ ਉਦਯੋਗ ਦੇ ਮੁੱਖ ਕਾਰਜਕਾਰੀ ਅਧਿਕਾਰੀਆਂ ਨਾਲ ਮੀਟਿੰਗ ਵਿਚ ਟਰੰਪ ਨੇ ਕਿਹਾ ਕਿ ਅਸੀਂ ਜਾਣਦੇ ਹਾਂ ਕਿ ਤੁਹਾਡਾ ਉਦਯੋਗ ਇਸ ਮਹਾਮਾਰੀ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੈ, ਸਾਡਾ ਟੀਚਾ ਵਾਇਰਸ ਨੂੰ ਹਰਾਉਣਾ ਹੈ ਤੇ ਅਸੀਂ ਇਹ ਜ਼ਰੂਰ ਕਰਾਂਗੇ। ਇਸ ਮੌਕੇ ਉਦਯੋਗਾਂ ਲਈ ਅਰਬਾਂ ਡਾਲਰ ਦੇ ਪੈਕੇਜ ਦੇ ਐਲਾਨ ਨਾਲ ਟਰੰਪ ਪ੍ਰਸ਼ਾਸਨ ਆਮ ਲੋਕਾਂ ਨੂੰ ਇਕ-ਇੱਕ ਹਜ਼ਾਰ ਡਾਲਰ ਨਕਦ ਭੁਗਤਾਨ ਦੀ ਯੋਜਨਾ ਬਾਰੇ ਸੋਚ ਰਿਹਾ ਹੈ। ਅਮਰੀਕੀ ਅਧਿਕਾਰੀਆਂ ਨੇ ਪੈਕੇਜ ਦੀ ਰਾਸ਼ੀ ਨਹੀਂ ਦੱਸੀ, ਪਰ ਮੀਡੀਆ ਮੁਤਾਬਕ ਇਹ 850 ਬਿਲੀਅਨ ਡਾਲਰ ਤੱਕ ਜਾ ਸਕਦੀ ਹੈ। ਦੂਸਰੇ ਪਾਸੇ ਬ੍ਰਿਟੇਨ ਦੇ ਵਿੱਤ ਮੰਤਰੀ ਰਿਸ਼ੀ ਸੁਨਕ ਨੇ ਵਾਇਰਸ ਨਾਲ ਜੂਝਦੇ ਵਪਾਰੀਆਂ ਦੀ ਮਦਦ ਲਈ 330 ਬਿਲੀਅਨ ਡਾਲਰ ਦੇ ਪੈਕੇਜ ਦਾ ਐਲਾਨ ਕੀਤਾ ਹੈ ਅਤੇ ਫਰਾਂਸ ਸਰਕਾਰ ਨੇ ਵੀ 50 ਬਿਲੀਅਨ ਡਾਲਰ ਦੇ ਪੈਕੇਜ ਦਾ ਐਲਾਨ ਕੀਤਾ ਹੈ।



ਵਰਨਣ ਯੋਗ ਹੈ ਕਿ ਅਮਰੀਕਾ ਵਿਚ ਕੋਰੋਨਾ ਵਾਇਰਸ ਦੇ ਇਨਫੈਕਸ਼ਨ ਨਾਲ ਅੱਜ ਤੱਕ 150 ਦੇ ਕਰੀਬ ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਨੌਂ ਹਜ਼ਾਰ ਤੋਂ ਵੱਧ ਲੋਕ ਪੀੜਤ ਹਨ। ਇਸ ਦਾ ਕਹਿਰ ਇਸ ਦੇਸ਼ ਦੇ ਸਾਰੇ 50 ਰਾਜਾਂ ਵਿਚ ਦਿਖਾਈ ਦੇ ਰਿਹਾ ਹੈ। ਮੀਡੀਆ ਮੁਤਾਬਕ ਮ੍ਰਿਤਕਾਂ ਵਿਚ ਬਹੁਤੇ ਲੋਕਾਂ ਦੀ ਉਮਰ 70 ਸਾਲ ਤੋਂ ਉੱਪਰ ਸੀ। ਵਾਸ਼ਿੰਗਟਨ ਸੂਬੇ ਵਿਚ 26 ਫਰਵਰੀ ਨੂੰ ਪਹਿਲੀ ਮੌਤ ਹੋਈ ਸੀ।

ਇਸ ਦੌਰਾਨ ਚੀਨ ਵਿੱਚ ਮੌਤਾਂ ਦੀ ਗਿਣਤੀ ਵਧਣ ਤੋਂ ਰੁਕਣ ਲੱਗੀ ਹੈ। ਓਥੇ ਅੱਜ ਬੁੱਧਵਾਰ ਤੱਕ 3237 ਲੋਕਾਂ ਦੀ ਮੌਤ ਹੋ ਚੁੱਕੀ ਹੈ। ਦੂਸਰੇ ਸਭ ਤੋਂ ਵੱਧ ਪ੍ਰਭਾਵਤ ਦੇਸ਼ ਇਟਲੀ ਵਿੱਚ ਮੌਤਾਂ ਦੀ ਗਿਣਤੀ 2978 ਦੱਸੀ ਗਈ ਹੈ। ਇਸ ਬਿਮਾਰੀ ਨਾਲ ਤੀਸਰੇ ਸਭ ਤੋਂ ਵੱਧ ਨੁਕਸਾਨ ਝੱਲਣ ਵਾਲੇ ਈਰਾਨ ਵਿਚ ਅੱਜ 147 ਹੋਰ ਲੋਕਾਂ ਦੀ ਮੌਤ ਹੋਈ ਹੈ। ਇਹ ਇਕ ਦਿਨ ਵਿਚ ਹੋਈਆਂ ਸਭ ਤੋਂ ਵੱਧ ਮੌਤਾਂ ਹਨ। ਈਰਾਨ ਵਿਚ ਅੱਜ ਤੱਕ 1135 ਲੋਕਾਂ ਦੀ ਮੌਤ ਹੋ ਚੁੱਕੀ ਹੈ। ਸਪੇਨ ਵਿੱਚ ਮੌਤਾਂ ਦੀ ਗਿਣਤੀ 638 ਅਤੇ ਫਰਾਂਸ ਵਿੱਚ 264 ਦੱਸੀ ਜਾ ਰਹੀ ਹੈ। ਬ੍ਰਿਟੇਨ ਵਿੱਚ ਇੱਕ ਸੌ ਤੋਂ ਵੱਧ ਮੌਤਾਂ ਹੋਣ ਤੇ ਨੀਦਰਲੈਂਡ ਵਿੱਚ 58 ਲੋਕਾਂ ਦੇ ਇਸ ਬੀਮਾਰੀ ਨਾਲ ਮਾਰੇ ਜਾਣ ਦੀ ਖਬਰ ਹੈ।

ਓਧਰ ਯੂਰਪੀ ਕਮਿਸ਼ਨ ਦੇ ਪ੍ਰਧਾਨ ਉਰਸੁਲਾ ਵੌਨ ਡਰ ਲੇਅਨ ਨੇ ਦੋਸ਼ ਲਾਇਆ ਹੈ ਕਿ ਰਾਜਨੀਤਕ ਨੇਤਾਵਾਂ ਨੇ ਕੋਰੋਨਾ ਵਾਇਰਸ ਨਾਲ ਪੈਦਾ ਹੋਏ ਖਤਰੇ ਨੂੰ ਘੱਟ ਕਰ ਕੇ ਦੇਖਿਆ ਹੈ। ਉਨ੍ਹਾਂ ਨੇ ਕਿਹਾ ਕਿ ਜਿਹੜੇ ਉਪਾਅ ਅੱਜ ਕੀਤੇ ਜਾ ਰਹੇ ਹਨ, ਉਹ ਦੋ ਜਾਂ ਤਿੰਨ ਹਫਤੇ ਪਹਿਲਾਂ ਕਰਨੇ ਚਾਹੀਦੇ ਸਨ।

# ਨਵਜੋਤ ਸਿੱਧੂ ਵਲੋਂ 'ਧਰਮ ਯੁੱਧ' ਛੇੜਨ ਦਾ ਐਲਾਨ

ਅੰਮ੍ਰਿਤਸਰ, 18 ਮਾਰਚ, (ਪੋਸਟ ਬਿਊਰੋ)- ਪਿਛਲੇ ਕਰੀਬ 9 ਮਹੀਨੇ ਤੱਕ ਸਿਆਸੀ ਖਾਮੋਸ਼ੀ ਰੱਖਣ ਪਿੱਛੋਂ ਪੰਜਾਬ ਦੇ ਸਾਬਕਾ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਫਿਰ ਸਿਆਸਤ ਦੇ ਮੈਦਾਨ ਆਣ ਗੱਜੇ ਹਨ। ਯੂ-ਟਿਊਬ ਉੱਤੇ ਲਾਂਚ ਕੀਤੇ ਆਪਣੇ ਚੈਨਲ ਉੱਤੇ ਉਨ੍ਹਾਂ ਨੇ ਅੱਜ ਬੁੱਧਵਾਰ ਨਵੀਂ ਵੀਡੀਓ ਰਾਹੀਂ 'ਧਰਮ ਯੁੱਧ' ਦਾ ਐਲਾਨ ਕਰ ਦਿੱਤਾ ਹੈ। ਇਸ ਮੌਕੇ ਉਨ੍ਹਾ ਨੇ ਇਕ ਵਾਰ ਫਿਰ ਸਰਕਾਰਾਂ ਅਤੇ ਸਿਸਟਮ ਉੱਤੇ ਸਵਾਲ ਚੁੱਕੇ ਹਨ।

ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਉਹ ਸਿਸਟਮ ਤੇ ਸਰਕਾਰਾਂ ਨਾਲ ਲੜੇ ਹਨ, ਇਸੇ ਦਾ ਨਤੀਜਾ ਹੈ ਕਿ ਉਨ੍ਹਾਂ ਨੂੰ ਵਾਰ-ਵਾਰ ਖੂੰਜੇ ਲਾਇਆ ਜਾਂਦਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਲੜਾਈ ਕਿਸੇ ਵਿਅਕਤੀ ਵਿਸ਼ੇਸ਼ ਨਾਲ ਨਹੀਂ, ਇਹ ਵਿਚਾਰਧਾਰਾ ਦੀ ਲੜਾਈ ਹੈ ਤੇ ਭਾਵੇਂ ਉਨ੍ਹਾਂ ਨੂੰ ਖੂੰਜੇ ਧੱਕਿਆ ਜਾਂਦਾ ਰਹੇ, ਉਹ ਇੱਕ ਸਟੈਂਡ ਲੈ ਚੁੱਕੇ ਹਨ ਅਤੇ ਇਸ ਤੋਂ ਪਿੱਛੇ ਨਹੀਂ ਹਟਣਗੇ। ਵੀਡੀਓ ਵਿਚ ਸਿੱਧੂ ਨੇ ਕਿਸੇ ਆਗੂ ਜਾਂ ਪਾਰਟੀ ਦਾ ਨਾਂ ਭਾਵੇਂ ਨਹੀਂ ਲਿਆ, ਪਰ ਇਹ ਕਹਿ ਦਿੱਤਾ ਹੈ ਕਿ ਜਦੋਂ ਵੀ ਉਨ੍ਹਾਂ ਨੇ ਕਿਸੇ ਪਾਰਟੀ ਦੀ ਸਰਕਾਰ ਬਣਾਈ



ਤਾਂ ਉਨ੍ਹਾਂ ਨੂੰ ਲਾਂਭੇ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਕਿਹਾ ਗਿਆ ਹੈ ਜਾਂ ਤਾਂ ਨਾਲ ਮਿਲ ਕੇ ਕੰਮ ਕਰੋ ਜਾਂ ਲਾਂਭੇ ਹੋ ਜਾਓ, ਪਰ ਉਨ੍ਹਾਂ ਨੇ ਕਦੀ ਵੀ ਕਿਸੇ ਨਾਲ ਸਮਝੌਤਾ ਨਹੀਂ ਕੀਤਾ ਤੇ ਸਿਸਟਮ ਵਿੱਚ ਰਹਿ ਕੇ ਇਸ ਦਾ ਵਿਰੋਧ ਕੀਤਾ ਹੈ। ਪੰਜਾਬ ਦੇ ਲੋਕਾਂ ਨੂੰ ਹਲੂਣਦੇ ਹੋਏ ਸਿੱਧੂ ਨੇ ਕਿਹਾ ਕਿ ਪੰਜਾਬ ਵੱਡਾ ਸੰਤਾਪ ਹੰਢਾ ਚੁੱਕਾ ਹੈ ਤੇ ਜਦੋਂ ਲੋਕ ਇਕੱਠੇ ਹੋ ਜਾਣ ਤਾਂ ਸਿਸਟਮ ਹਾਰ ਜਾਇਆ ਕਰਦਾ ਹੈ, ਇਸ ਲਈ ਪੰਜਾਬ ਅਤੇ ਪੰਜਾਬੀਅਤ ਦੇ ਭਲੇ ਲਈ ਪੰਜਾਬ ਦੇ ਲੋਕਾਂ ਨੂੰ ਇਕੱਠੇ ਹੋਣਾ ਚਾਹੀਦਾ ਹੈ।

ਕਰੀਬ ਪੌਣੇ ਸਾਲ ਦੀ ਲੰਮੀ ਚੁੱਪ ਤੋੜਨ ਦੇ ਬਾਅਦ ਨਵਜੋਤ ਸਿੰਘ ਸਿੱਧੂ ਮੁੜ ਸਰਗਰਮ ਹੋਏ ਤੇ ਬੀਤੇ ਸ਼ਨੀਵਾਰ ਯੂ-ਟਿਊਬ ਉੱਤੇ 'ਜਿੱਤੇਗਾ ਪੰਜਾਬ' ਨਾਂ ਦਾ ਚੈਨਲ ਲਾਂਚ ਕੀਤਾ ਸੀ। ਉਨ੍ਹਾਂ ਨੇ ਕਿਹਾ ਕਿ ਉਹ ਪੰਜਾਬੀਆਂ ਨਾਲ ਸਿੱਧੇ ਰੂਪ ਵਿੱਚ, ਸਾਦੀ ਅਤੇ ਸਰਲ ਭਾਸ਼ਾ ਵਿੱਚ ਵਿਚਾਰ ਸਾਂਝੇ ਕਰਨ ਲਈ ਇਹ ਯੂ-ਟਿਊਬ ਚੈਨਲ ਸ਼ੁਰੂ ਕਰ ਰਹੇ ਹਨ ਅਤੇ ਲੋਕ ਉਨ੍ਹਾਂ ਨਾਲ ਸਿੱਧਾ ਜੁੜ ਸਕਦੇ ਹਨ। ਸਿੱਧੂ ਦਾ ਦਾਅਵਾ ਹੈ ਕਿ ਇਹ ਚੈਨਲ ਪੰਜਾਬ ਨੂੰ ਮੁੜ ਉਸਾਰੀ ਅਤੇ ਪੁਨਰ ਜਾਗ੍ਰਿਤੀ ਵੱਲ ਲਿਜਾਣ ਦੇ ਯਤਨਾਂ ਦਾ ਇਕ ਪਲੇਟਫਾਰਮ ਹੋਵੇਗਾ।

# ਦਲ-ਬਦਲੀ ਮੁੱਦਾ: ਹਾਈ ਕੋਰਟ ਵੱਲੋਂ ਸੁਖਪਾਲ ਸਿੰਘ ਖਹਿਰਾ ਤੇ ਸਪੀਕਰ ਰਾਣਾ ਕੇ ਪੀ ਸਿੰਘ ਨੂੰ ਨੋਟਿਸ ਜਾਰੀ

ਚੰਡੀਗੜ੍ਹ, 18 ਮਾਰਚ, (ਪੋਸਟ ਬਿਊਰੋ)- ਪੰਜਾਬ ਦੀ ਆਮ ਆਦਮੀ ਪਾਰਟੀ ਵਿੱਚੋਂ ਅਸਤੀਫਾ ਦੇ ਚੁੱਕੇ ਹਲਕਾ ਭੁਲੱਥ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੀ ਵਿਧਾਨ ਸਭਾ ਮੈਂਬਰੀ ਰੱਦ ਕਰਨ ਦੇ ਮੁੱਦੇ ਉੱਤੇ ਪੰਜਾਬ ਹਰਿਆਣਾ ਹਾਈ ਕੋਰਟ ਨੇ ਵਿਧਾਨ ਸਭਾ ਦੇ ਸਪੀਕਰ ਅਤੇ ਸੁਖਪਾਲ ਸਿੰਘ ਨੂੰ 16 ਅਪ੍ਰੈਲ ਲਈ ਨੋਟਿਸ ਜਾਰੀ ਕਰ ਦਿੱਤੇ ਹਨ।

ਜ਼ਿਲਾ ਕਪੂਰਥਲਾ ਦੀ ਭੁਲੱਥ ਤਹਿਸੀਲ ਦੇ ਪਿੰਡ ਮੇਟਲਾ ਦੇ ਹਰਸਿਮਰਨ ਸਿੰਘ ਨੇ ਇਸ ਪਟੀਸ਼ਨ ਦੇ ਨਾਲ ਮੰਗ ਕੀਤੀ ਹੈ ਕਿ ਪੰਜਾਬ ਵਿਧਾਨ ਸਭਾ ਸਪੀਕਰ ਨੂੰ ਨਿਰਦੇਸ਼ ਦਿੱਤੇ ਜਾਣ ਕਿ ਉਹ ਸੁਖਪਾਲ ਸਿੰਘ ਖਹਿਰਾ ਦੀ ਵਿਧਾਨ ਸਭਾ ਮੈਂਬਰੀ ਰੱਦ ਕਰਨ ਦੀ ਪਟੀਸ਼ਨ ਉੱਤੇ ਭਾਰਤੀ ਸੰਵਿਧਾਨ ਦੀ ਧਾਰਾ 10 ਅਤੇ ਸੁਪਰੀਮ ਕੋਰਟ ਵੱਲੋਂ ਕੇਸ਼ਮ ਮਘਚੰਦਰ ਸਿੰਘ ਬਨਾਮ ਮਣੀਪੁਰ





ਵਿਧਾਨ ਸਭਾ ਸਪੀਕਰ ਦੇ ਕੇਸ ਵਿੱਚ ਦਿੱਤੇ ਹੁਕਮਾਂ ਮੁਤਾਬਕ ਸਮਾਂਬੱਧ ਢੰਗ ਨਾਲ ਫੈਸਲਾ ਲੈਣ। ਪਟੀਸ਼ਨ ਕਰਤਾ ਦਾ ਕਹਿਣਾ ਹੈ ਕਿ ਸੁਖਪਾਲ ਸਿੰਘ ਖਹਿਰਾ ਨੇ 4 ਫਰਵਰੀ 2017 ਨੂੰ ਆਮ ਆਦਮੀ ਪਾਰਟੀ ਦੀ ਟਿਕਟ ਉੱਤੇ ਚੋਣ ਜਿੱਤੀ ਤੇ ਵਿਧਾਇਕ ਬਣੇ ਸਨ। ਫਿਰ ਉਨ੍ਹਾਂ 6 ਜਨਵਰੀ 2019 ਨੂੰ ਪ੍ਰੈੱਸ ਕਾਨਫਰੰਸ ਕਰ ਕੇ ਆਮ ਆਦਮੀ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਤੇ ਛੇ ਹੋਰ ਵਿਧਾਇਕਾਂ ਨਾਲ ਮਿਲ ਕੇ 'ਪੰਜਾਬ ਏਕਤਾ ਪਾਰਟੀ' ਪਾਰਟੀ ਬਣਾ ਲਈ ਸੀ ਤੇ ਇਸ ਦੇ ਬਾਅਦ ਉਸ ਪਾਰਟੀ ਦੇ ਨਿਸ਼ਾਨ ਉੱਤੇ ਸੁਖਪਾਲ ਸਿੰਘ ਖਹਿਰਾ ਨੇ ਲੋਕ ਸਭਾ ਚੋਣ ਵੀ ਲੜੀ ਸੀ। ਇਸ ਲਈ ਦਲ-ਬਦਲ ਕਾਨੂੰਨ ਹੇਠ ਉਨ੍ਹਾਂ ਦੀ ਵਿਧਾਨ ਸਭਾ ਮੈਂਬਰੀ ਰੱਦ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਖਹਿਰਾ ਨੇ 25 ਅਪ੍ਰੈਲ 2019 ਨੂੰ ਵਿਧਾਨ ਸਭਾ ਮੈਂਬਰੀ ਤੋਂ ਅਸਤੀਫਾ ਵੀ ਵਿਧਾਨ ਸਭਾ ਦੇ ਸਪੀਕਰ ਨੂੰ ਸੌਂਪ ਦਿੱਤਾ ਸੀ, ਪਰ ਇਸ ਉੱਤੇ ਅੱਜ ਤਕ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ 10 ਜਨਵਰੀ 2019 ਨੂੰ ਖਹਿਰਾ ਦੀ ਵਿਧਾਨ ਸਭਾ ਮੈਂਬਰੀ ਰੱਦ ਕਰਨ ਦੀ ਅਰਜ਼ੀ ਸਪੀਕਰ ਨੂੰ ਦਿੱਤੀ ਸੀ, ਪਰ ਕੋਈ ਕਰਵਾਈ ਨਹੀਂ ਕੀਤੀ ਗਈ।

# ਏਅਰ ਇੰਡੀਆ ਵੱਲੋਂ ਅੰਮ੍ਰਿਤਸਰ ਤੋਂ ਸਾਰੀਆਂ ਉਡਾਨਾਂ ਰੱਦ

ਅੰਮ੍ਰਿਤਸਰ, 18 ਮਾਰਚ, (ਪੋਸਟ ਬਿਊਰੋ)- ਏਅਰ ਇੰਡੀਆ ਨੇ ਗੁਰੂ ਰਾਮਦਾਸ ਜੀ ਇੰਟਰਨੈਸ਼ਨਲ ਏਅਰ ਪੋਰਟ ਤੋਂ ਜਾਣ ਵਾਲੀਆਂ ਸਾਰੀਆਂ ਕੌਮਾਂਤਰੀ ਅਤੇ ਘਰੇਲੂ ਉਡਾਣਾਂ ਨੂੰ ਬੰਦ ਕਰ ਦਿੱਤਾ ਹੈ।

ਕੋਰੋਨਾ ਵਾਇਰਸ ਤੋਂ ਬਚਾਅ ਲਈ ਭਾਰਤ ਸਰਕਾਰ ਦੀਆਂ ਹਦਾਇਤਾਂ ਹੋਣ ਪਿੱਛੋਂ ਅੰਮ੍ਰਿਤਸਰ ਦੇ ਇੰਟਰਨੈਸ਼ਨਲ ਏਅਰ ਪੋਰਟ ਤੋਂ ਬਰਮਿੰਘਮ, ਲੰਡਨ, ਦਿੱਲੀ-ਅੰਮ੍ਰਿਤਸਰ ਅਤੇ ਅੰਮ੍ਰਿਤਸਰ-ਮੁੰਬਈ-ਨਾਂਦੇੜ ਉਡਾਣਾਂ ਨੂੰ 18 ਮਾਰਚ ਤੋਂ 1 ਅਪ੍ਰੈਲ 2020 ਤਕ ਰੱਦ ਕਰ ਦਿੱਤਾ ਗਿਆ ਹੈ। ਅੰਮ੍ਰਿਤਸਰ-ਬਰਮਿੰਘਮ ਦੀ ਉਡਾਣ ਹਫਤੇ ਵਿੱਚ ਤਿੰਨ ਦਿਨ ਜਾਂਦੀ ਸੀ ਅਤੇ ਬਾਕੀ ਦਿਨਾਂ ਵਿੱਚ ਇਹ ਦਿੱਲੀ ਤੋਂ ਉਡਾਣ ਭਰਦੀ ਸੀ। ਏਅਰ ਇੰਡੀਆ ਦੀ ਅੰਮ੍ਰਿਤਸਰ-ਲੰਡਨ ਫਲਾਈਟ ਵੀ ਹਫਤੇ ਵਿੱਚ ਤਿੰਨ ਦਿਨ ਬੁੱਧਵਾਰ, ਸ਼ੁੱਕਰਵਾਰ ਤੇ ਐਤਵਾਰ ਨੂੰ ਏਥੋਂ ਉਡਾਣ ਭਰਦੀ ਹੈ। ਏਅਰ ਇੰਡੀਆ ਨੇ ਅੱਜ ਸਵੇਰੇ ਹੀ ਇਹ ਉਡਾਣਾਂ ਬੰਦ ਕਰਨ ਦੀ ਜਾਣਕਾਰੀ ਹਵਾਈ ਅੱਡੇ ਦੇ ਡਾਇਰੈਕਟਰ ਨੂੰ ਦੇ ਦਿੱਤੀ ਸੀ।

## ਚੰਡੀਗੜ੍ਹ ਵਿੱਚ ਕੋਰੋਨਾ ਵਾਇਰਸ ਦਾ ਪਹਿਲਾ ਕੇਸ ਪਤਾ ਲੱਗਾ

ਇਸ ਦੌਰਾਨ ਚੰਡੀਗੜ੍ਹ ਵਿੱਚ ਕੋਰੋਨਾ ਵਾਇਰਸ ਦਾ ਪਹਿਲਾ ਪਾਜ਼ਿਟਿਵ ਕੇਸ ਪਤਾ ਲੱਗਾ ਹੈ। ਸਿਹਤ ਅਧਿਕਾਰੀਆਂ ਦੇ ਦੱਸਣ ਮੁਤਾਬਕ ਚੰਡੀਗੜ੍ਹ ਦੀ ਰਹਿਣ ਵਾਲੀ 30 ਸਾਲਾ ਔਰਤ ਵਿੱਚ ਵਾਇਰਸ ਦੀ ਪੁਸ਼ਟੀ ਹੋਈ ਹੈ। ਉਹ ਐਤਵਾਰ ਨੂੰ ਇੰਗਲੈਂਡ ਤੋਂ ਮੁੜੀ ਸੀ। ਉਸ ਨੂੰ ਸੈਕਟਰ 32 ਦੇ ਸਰਕਾਰੀ ਹਸਪਤਾਲ ਵਿੱਚ ਦਾਖ਼ਲ ਕਰਾਇਆ ਗਿਆ ਸੀ।

ਇਸ ਤੋਂ ਪਹਿਲਾਂ ਤਰਨ ਤਾਰਨ ਜ਼ਿਲ੍ਹੇ ਦੇ ਕਸਬਾ ਭਿੱਖੀਵਿੰਡ ਵਿੱਚ ਕੋਰੋਨਾ ਵਾਇਰਸ ਦਾ ਸ਼ੱਕੀ ਮਰੀਜ ਪਤਾ ਲੱਗਾ ਸੀ। ਬਹਿਰੀਨ ਵਿੱਚੋਂ ਮੁੜੀ ਉਸ ਔਰਤ ਵਿੱਚ ਇਸ ਵਾਇਰਸ ਦੇ ਲੱਛਣ ਮਿਲਣ ਉੱਤੇ ਸਿਹਤ ਵਿਭਾਗ ਦੀ ਟੀਮ ਉਸ ਦੀ ਜਾਂਚ ਕਰਨ ਲਈ ਉਸ ਦੇ ਘਰ ਗਈ ਸੀ। ਸੂਤਰਾਂ ਮੁਤਾਬਕ ਉਸ ਔਰਤ ਦੇ ਪਤੀ ਵਿੱਚ ਵੀ ਇਹੀ ਲੱਛਣ ਹੋਣ ਦਾ ਸਿਹਤ ਵਿਭਾਗ ਨੂੰ ਪਤਾ ਲੱਗਾ ਹੈ। ਉਹ ਔਰਤ ਫਰਵਰੀ ਦੇ ਆਖਰੀ ਹਫ਼ਤੇ ਵਰਕ ਪਰਮਿਟ ਉੱਤੇ ਬਹਿਰੀਨ ਵਿੱਚ ਮੈਡੀਕਲ ਲੈਬ ਉੱਤੇ ਕੰਮ ਕਰਨ ਗਈ ਸੀ। ਓਥੇ ਉਸ ਨੂੰ ਜਦੋਂ ਬੁਖਾਰ ਅਤੇ ਸਰਦੀ ਜੁਕਾਮ ਦੇ ਨਾਲ ਸਾਹ ਲੈਣ ਦੀ ਤਕਲੀਫ ਸ਼ੁਰੂ ਹੋਈ ਤਾਂ ਲੈਬ ਪ੍ਰਬੰਧਕਾਂ ਨੇ ਵਾਪਸ ਭੇਜ ਦਿੱਤਾ ਸੀ। 12 ਮਾਰਚ ਨੂੰ ਉਹ



ਔਰਤ ਹਵਾਈ ਜਹਾਜ ਰਾਹੀਂ ਦਿੱਲੀ ਪਹੁੰਚੀ ਤੇ ਟਰੇਨ ਰਾਹੀਂ ਅੰਮ੍ਰਿਤਸਰ ਅਤੇ ਅੱਗੇ ਬੱਸ ਰਾਹੀਂ ਭਿੱਖੀਵਿੰਡ ਪਹੁੰਚੀ ਸੀ। ਕਈ ਦਿਨਾਂ ਤੋਂ ਬੁਖਾਰ ਨਾਲ ਪੀੜਤ ਉਸ ਔਰਤ ਦਾ ਪਤੀ ਵੀ ਬੁਖਾਰ ਤੇ ਸਰਦੀ ਜੁਕਾਮ ਨਾਲ ਪੀੜਤ ਹੋ ਗਿਆ। ਵਿਦੇਸ਼ ਤੋਂ ਮੁੜੀ ਉਸ ਔਰਤ ਅਤੇ ਉਸ ਦੇ ਪਤੀ ਦੇ ਬੀਮਾਰ ਹੋਣ ਦੀ ਸੂਚਨਾ ਸ਼ਨਿੱਚਰਵਾਰ ਨੂੰ ਸਿਹਤ ਵਿਭਾਗ ਕੋਲ ਪਹੁੰਚੀ ਸੀ।










# ਸਿਟੀ ਆਫ ਬਰੈਂਪਟਨ ਵੱਲੋਂ ਇਕਨਾਮਿਕ ਅਤੇ ਸੋਸ਼ਲ ਸਪੋਰਟ ਟਾਸਕ ਫੋਰਸਿਜ਼ ਦਾ ਐਲਾਨ

ਬਰੈਂਪਟਨ, 18 ਮਾਰਚ (ਪੋਸਟ ਬਿਊਰੋ) : ਕੋਵਿਡ-19 ਕਾਰਨ ਪੈਦਾ ਹੋਏ ਐਮਰਜੰਸੀ ਵਾਲੇ ਹਾਲਾਤ ਨਾਲ ਨਜਿੱਠਣ ਲਈ ਬਰੈਂਕਪਟਨ ਕਾਉਂਸਲ ਵੱਲੋਂ ਅਹਿਮ ਕਦਮ ਚੁੱਕੇ ਜਾ ਰਹੇ ਹਨ। ਅੱਜ ਸਿਟੀ ਆਫ ਬਰੈਂਪਟਨ ਵੱਲੋਂ ਦੋ ਵਿਸ਼ੇਸ਼ ਟਾਸਕ ਫੋਰਸਿਜ਼ ਦਾ ਐਲਾਨ ਕੀਤਾ ਗਿਆ ਜਿਨ੍ਹਾਂ ਵਿੱਚ ਲੋਕਲ ਅਰਚਥਾਰੇ ਤੇ ਕਮਜ਼ੋਰ ਕਮਿਊਨਿਟੀਜ਼ ਦੇ ਸਮਰਥਨ ਲਈ ਮੇਅਰਜ਼ ਕੋਵਿਡ-19 ਇਕਨੌਮਿਕ ਸਪੋਰਟ ਐਂਡ ਰਿਕਵਰੀ ਟਾਸਕ ਫੋਰਸ ਤੇ ਮੇਅਰਜ਼ ਕੋਵਿਡ-19 ਸੋਸ਼ਲ ਸਪੋਰਟ ਟਾਸਕ ਫੋਰਸ ਕਾਇਮ ਕੀਤੀ ਗਈ।

ਇਹ ਦੋਵੇਂ ਗਰੁੱਪਜ਼ ਸਿਟੀ ਆਫ ਬਰੈਂਪਟਨ ਐਮਰਜੰਸੀ ਆਪਰੇਸ਼ਨਜ਼ ਸੈਂਟਰ ਤੇ ਸਿਟੀ ਸਟਾਫ ਨਾਲ ਤਾਲਮੇਲ ਬਿਠਾ ਕੇ ਕੰਮ ਕਰਨਗੇ।

ਮੇਅਰਜ਼ ਕੋਵਿਡ-19 ਇਕਨੌਮਿਕ ਸਪੋਰਟ ਐਂਡ ਰਿਕਵਰੀ ਟਾਸਕ ਫੋਰਸ

ਇਸ ਗਰੁੱਪ ਨੂੰ ਵਾਰਡ 2 ਤੇ 6 ਦੇ ਰੀਜਨਲ ਕਾਉਂਸਲਜ਼ ਮਾਈਕਲ ਪਾਲੇਸਚੀ ਤੇ ਵਾਰਡ 1 ਤੇ 5 ਤੋਂ ਰੀਜਨਲ ਕਾਉਂਸਲਰ ਪਾਲ ਵਿਸੈਂਟੇ ਕੋ-ਚੇਅਰ ਕਰਨਗੇ। ਇਹ ਟੀਮ ਬਰੈਂਪਟਨ ਵਿੱਚ ਕਾਰੋਬਾਰਾਂ ਨੂੰ ਰਾਹਤ ਦੇਣ ਲਈ ਕੀਤੀਆਂ ਜਾਣ ਵਾਲੀਆਂ ਕੋਸ਼ਿਸ਼ਾਂ ਸਬੰਧੀ ਸਿਫਾਰਸ਼ਾਂ ਤੇ ਅਪਣਾਏ ਜਾਣ ਵਾਲੇ ਮਾਪਦੰਡਾਂ ਵਿਚਾਲੇ ਤਾਲਮੇਲ ਬਿਠਾਉਣ ਲਈ ਜ਼ਿੰਮੇਵਾਰ ਹੋਵੇਗੀ। ਕਾਉਂਸਲ, ਲੋਕਲ ਸਟੇਕਹੋਲਡਰਜ਼-ਜਿਨ੍ਹਾਂ ਵਿੱਚ ਡਾਊਨਟਾਊਨ ਬੀਆਈਏ ਤੇ ਬਰੈਂਪਟਨ ਬੋਰਡ ਆਫ ਟਰੇਡ ਸ਼ਾਮਲ ਹਨ, ਨਾਲ ਰਲ ਕੇ ਇਨ੍ਹਾਂ ਕੋਸ਼ਿਸ਼ਾਂ ਉੱਤੇ ਕੰਮ ਕਰੇਗੀ।

ਮੇਅਰਜ਼ ਕੋਵਿਡ-19 ਸੋਸ਼ਲ ਸਪੋਰਟ ਟਾਸਕ ਫੋਰਸ

ਇਸ ਗਰੁੱਪ ਨੂੰ ਵਾਰਡ ਨੰ 1 ਤੇ 5 ਤੋਂ ਰੀਜਨਲ ਕਾਉਂਸਲਰ ਰੋਵੇਨਾ ਸੈਂਤੋਸ ਤੇ ਵਾਰਡ ਨੰ 3 ਤੇ 4 ਤੋਂ ਸਿਟੀ ਕਾਉਂਸਲਰ ਜੈੱਫ ਬੋਅਮੈਨ ਕੋ ਚੇਅਰ ਕਰਨਗੇ। ਇਹ ਟਾਸਕ ਫੋਰਸ ਬਰੈਂਪਟਨ ਦੀਆਂ ਕਮਜ਼ੋਰ ਕਮਿਊਨਿਟੀਜ਼ ਜਿਵੇਂ ਕਿ ਹੋਮਲੈੱਸ ਲੋਕਾਂ ਲਈ ਫੂਡ ਸਕਿਊਰਿਟੀ ਆਦਿ ਸਬੰਧੀ ਸਿਫਾਰਸ਼ਾਂ ਤੇ ਅਪਣਾਏ ਜਾਣ ਵਾਲੇ ਮਾਪਦੰਡਾਂ ਲਈ ਤਾਲਮੇਲ ਕਰੇਗੀ।

## ਸਿਟੀ ਆਫ ਬਰੈਂਪਟਨ ਵੱਲੋਂ ਸੀਨੀਅਰਜ਼ ਸਪੋਰਟ ਟਾਸਕ ਫੋਰਸ ਦਾ ਐਲਾਨ

ਬਰੈਂਪਟਨ, 18 ਮਾਰਚ (ਪੋਸਟ ਬਿਊਰੋ) : ਅੱਜ ਸਿਟੀ ਆਫ ਬਰੈਂਪਟਨ ਵੱਲੋਂ ਸਥਾਨਕ ਅਰਥਚਾਰੇ ਤੇ ਕਮਜ਼ੋਰ ਕਮਿਊਨਿਟੀਜ਼ ਦਾ ਸਮਰਥਨ ਕਰਨ ਲਈ ਆਪਣੀ ਤੀਜੀ ਮਾਹਿਰ ਟਾਸਕ ਫੋਰਸ-ਦ ਮੇਅਰਜ਼ ਕੋਵਿਡ-19 ਸੀਨੀਅਰਜ਼ ਸਪੋਰਟ ਟਾਸਕ ਫੋਰਸ, ਦਾ ਐਲਾਨ ਕੀਤਾ ਗਿਆ।

ਇਸ ਦੇ ਕੋ-ਚੇਅਰ ਹੋਣਗੇ ਵਾਰਡ ਨੰ 7 ਤੇ 8 ਤੋਂ ਰੀਜਨਲ ਕਾਉਂਸਲਰ ਪੈਟ ਫੋਰਟਿਨੀ ਤੇ ਵਾਰਡ 9 ਤੇ 10 ਤੋਂ ਰੀਜਨਲ ਕਾਉਂਸਲਰ ਗੁਰਪ੍ਰੀਤ ਢਿੱਲੋਂ। ਇਹ ਟੀਮ ਅਜਿਹੇ ਨਾਜ਼ੁਕ ਹਾਲਾਤ ਵਿੱਚ ਬਰੈਂਪਟਨ ਦੇ ਸੀਨੀਅਰ ਸਿਟੀਜ਼ਨਜ਼ ਤੱਕ ਜਾਣਕਾਰੀ ਤੇ ਸਰੋਤ ਮੁਹੱਈਆ ਕਰਵਾਉਣ ਵਿੱਚ ਮਦਦ ਕਰੇਗੀ।

ਇਹ ਗਰੁੱਪ ਸਿਟੀ ਆਫ ਬਰੈਂਪਟਨ ਦੇ ਐਮਰਜੰਸੀ ਆਪਰੇਸ਼ਨਜ਼ ਸੈਂਟਰ ਤੇ ਸਿਟੀ ਸਟਾਫ ਨਾਲ ਰਲ ਕੇ ਕੰਮ ਕਰੇਗਾ। ਇਸ ਤੋਂ ਪਹਿਲਾਂ ਮੇਅਰ ਵੱਲੋਂ ਕੋਵਿਡ-19 ਇਕਨੌਮਿਕ ਸਪੋਰਟ ਐਂਡ ਰਿਕਵਰੀ ਦੇ ਨਾਲ ਨਾਲ ਸੋਸ਼ਲ ਸਪੋਰਟ ਟਾਸਕ ਫੋਰਸਿਜ਼ ਵੀ ਕਾਇਮ ਕੀਤੀਆਂ ਜਾ ਚੁੱਕੀਆਂ ਹਨ।

# ਕੋਰੋਨਾਵਾਇਰਸ ਦੇ ਮੱਦੇਨਜ਼ਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਿਹਤ ਸਟਾਫ਼ ਹੋਇਆ ਕਾਰਜਸ਼ੀਲ



ਅੰਮ੍ਰਿਤਸਰ, 18 ਮਾਰਚ (ਗਿਆਨ ਸਿੰਘ): ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਪੁੱਜਦੀ ਸੰਗਤ ਨੂੰ ਕੋਰੋਨਾਵਾਇਰਸ ਦੇ ਪ੍ਰਭਾਵ ਤੋਂ ਸੁਚੇਤ ਕਰਨ ਅਤੇ ਸੁਰੱਖਿਅਤ ਰੱਖਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰਬੰਧਕੀ ਕਾਰਜਾਂ ਵਿਚ ਤੇਜ਼ੀ ਲਿਆਂਦੀ ਹੈ। ਇਸ ਪਾਵਨ ਅਸਥਾਨ ਵਿਖੇ ਅੱਜ ਸਿਹਤ ਵਿਭਾਗ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਅਤੇ ਹਸਪਤਾਲ ਵੱਲੋਂ ਸਾਂਝੇ ਤੌਰ ’ਤੇ ਸੰਗਤ ਲਈ ਮੈਡੀਕਲ ਟੀਮਾਂ ਤਾਇਨਾਤ ਕੀਤੀਆਂ ਹਨ। ਸ੍ਰੀ ਦਰਬਾਰ ਸਾਹਿਬ ਦੇ ਪ੍ਰਵੇਸ਼ ਦੁਆਰ ’ਤੇ ਬਣੇ ਪਲਾਜ਼ਾ ਵਿਖੇ ਇਹ ਮੈਡੀਕਲ ਟੀਮਾਂ ਸੰਗਤ ਲਈ ਕਾਰਜਸ਼ੀਲ ਰਹਿਣਗੀਆਂ। ਹਰ ਆਉਣ ਵਾਲੇ ਸ਼ਰਧਾਲੂ ਦਾ ਮੁੱਢਲਾ ਚੈਕਅੱਪ ਯਕੀਨੀ ਬਣਾ ਦਿੱਤਾ ਗਿਆ ਹੈ। ਸਰੀਰ ਦਾ ਤਾਪਮਾਨ ਚੈੱਕ ਕਰਨ ਲਈ ਯੰਤਰ ਵਰਤੇ ਜਾ ਰਹੇ ਹਨ, ਜਦਕਿ ਮੈਡੀਕਲ ਵੈਨਾਂ ਦੀ ਵਿਵਸਥਾ ਵੀ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਅਧਿਕਾਰੀਆਂ ਸਮੇਤ ਸੰਗਤ ਲਈ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲੈ ਕੇ ਮੁਲਾਜ਼ਮਾਂ ਨੂੰ ਸੁਚੇਤ ਰੂਪ ਵਿਚ ਸੇਵਾ ਨਿਭਾਉਣ ਲਈ ਨਿਰਦੇਸ਼ ਦਿੱਤੇ। ਉਨ੍ਹਾਂ ਸੰਗਤਾਂ ਨੂੰ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਣ ਤੋਂ ਪਹਿਲਾਂ ਹੱਥਾਂ ਦੀ ਸਾਫ਼-ਸਫ਼ਾਈ ਅਤੇ ਇਕ ਦੂਜੇ ਤੋਂ ਦੂਰੀ ਬਣਾ ਕੇ ਰੱਖਣ ਦੀ ਪ੍ਰੇਰਣਾ ਲਈ ਸੇਵਾਦਾਰਾਂ ਨੂੰ ਆਖਿਆ।

ਇਸ ਸਬੰਧ ਵਿਚ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਸਿਹਤ ਵਿਭਾਗ ਨਾਲ ਮਿਲ ਕੇ ਸੰਗਤ ਦੀ ਸੇਵਾ ਵਿਚ ਲੱਗੀ ਹੋਈ ਹੈ। ਉਨ੍ਹਾਂ ਦੱਸਿਆ ਕਿ ਬਿਨਾ ਸ਼ੱਕ ਕੋਰੋਨਾਵਾਇਰਸ ਕਾਰਨ ਸੰਗਤ ਅੰਦਰ ਚਿੰਤਾ ਬਣੀ ਹੋਈ ਹੈ, ਪਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਕਿਉਂਕਿ ਆਸਥਾ ਦਾ ਕੇਂਦਰ ਹੈ ਅਤੇ ਇਥੇ ਸੰਗਤ ਦੀ ਨਿਰੰਤਰ ਆਮਦ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਸੁਚੇਤ ਰੂਪ ਵਿਚ ਕੰਮ ਕਰ ਰਹੀ ਹੈ। ਇਸੇ ਦੌਰਾਨ ਸਿਹਤ ਵਿਭਾਗ ਦੀ ਟੀਮ ਦੀ ਮੁਖੀ ਡਾ. ਜਸਪ੍ਰੀਤ ਸ਼ਰਮਾ, ਫਾਰਮਾਸਿਸਟ ਸ. ਸ਼ਮਸ਼ੇਰ ਸਿੰਘ ਕੋਹਰੀ ਅਤੇ ਸ੍ਰੀ ਆਰ. ਕੇ. ਦੇਵਗਨ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਸਹਿਯੋਗ ਦੇਣ ਲਈ ਇਕ ਵਿਸ਼ੇਸ਼ ਮੈਡੀਕਲ ਟੀਮ ਲਗਾਈ ਗਈ ਹੈ ਅਤੇ ਮੁੱਢਲੀ ਜਾਂਚ ਨੂੰ ਲਾਗੂ ਕੀਤਾ ਗਿਆ ਹੈ। ਜੇਕਰ ਕਿਸੇ ਨੂੰ ਕੋਈ ਲੋੜ ਮਹਿਸੂਸ ਹੋਵੇਗੀ ਤਾਂ ਸ਼੍ਰੋਮਣੀ ਕਮੇਟੀ ਅਤੇ ਸਿਹਤ ਵਿਭਾਗ ਸੇਵਾਵਾਂ ਦੇਵੇਗਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਸ. ਸੁਖਦੇਵ ਸਿੰਘ ਭੂਰਾਕੋਹਨਾ, ਸ਼੍ਰੋਮਣੀ ਕਮੇਟੀ ਦੇ ਬੁਲਾਰੇ ਸ. ਕੁਲਵਿੰਦਰ ਸਿੰਘ ਰਮਦਾਸ, ਵਧੀਕ ਮੈਨੇਜਰ ਸ. ਨਰਿੰਦਰ ਸਿੰਘ ਮਥਰੇਵਾਲ, ਸ. ਬਘੇਲ ਸਿੰਘ, ਨਿਗਾਰਨ ਸ. ਨਰਿੰਦਰ ਸਿੰਘ ਕਾਹਲੋਂ ਆਦਿ ਵੀ ਮੌਜੂਦ ਸਨ।

## ਸਰਬੱਤ ਦੇ ਭਲੇ ਲਈ ਗੁਰਦੁਆਰਿਆਂ ’ਚ ਭਲਕੇ ਹੋਵੇਗੀ ਅਰਦਾਸ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਕੀਤੇ ਗਏ ਐਲਾਨ ਮੁਤਾਬਕ ਕੋਰੋਨਾਵਾਇਰਸ ਦੇ ਚੱਲਦਿਆਂ ਵਿਸ਼ਵ ਮਾਨਵ ਦੀ ਸਲਾਮਤੀ ਲਈ ਗੁਰਦੁਆਰਾ ਸਾਹਿਬਾਨ ਅੰਦਰ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਭਲਕੇ 19 ਮਾਰਚ ਨੂੰ ਪਾਏ ਜਾਣਗੇ। ਸ੍ਰੀ ਅੰਮ੍ਰਿਤਸਰ ਵਿਖੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਾਲ ਸਬੰਧਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਹਨ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਸ. ਕੁਲਵਿੰਦਰ ਸਿੰਘ ਰਮਦਾਸ ਨੇ ਦੱਸਿਆ ਕਿ ਭਲਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਸਰਬੱਤ ਦੇ ਭਲੇ ਲਈ ਅਰਦਾਸ ਹੋਵੇਗੀ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਸਾਰੇ ਗੁਰਦੁਆਰਾ ਸਾਹਿਬਾਨ ਅੰਦਰ ਵੀ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਜਾਵੇਗੀ।

# ਦੇਸ਼ ਦੀ ਅੱਠਵੀਂ ਜਨਗਣਨਾ 15 ਮਈ ਤੋਂ ਹੋਵੇਗੀ ਸ਼ੁਰੂ : ਅਭਿਸ਼ੇਕ ਜੈਨ

ਕਪੂਰਥਲਾ, 18 ਮਾਰਚ (ਗਿਆਨ ਸਿੰਘ): ਆਜ਼ਾਦੀ ਤੋਂ ਬਾਅਦ ਦੀ ਦੇਸ਼ ਦੀ ਅੱਠਵੀਂ ਜਨਗਣਨਾ ਦਾ ਆਰੰਭ 15 ਮਈ 2020 ਤੋਂ ਹੋਵੇਗਾ, ਜਿਸ ਦੌਰਾਨ 29 ਜੂਨ 2020 ਤੱਕ ਚੱਲਣ ਵਾਲੇ ਪਹਿਲੇ ਪੜਾਅ ਵਿਚ ਮਕਾਨਾਂ ਦੀ ਗਿਣਤੀ ਦਾ ਕੰਮ ਮੁਕੰਮਲ ਕੀਤਾ ਜਾਵੇਗਾ। ਇਹ ਜਾਣਕਾਰੀ ਵਿਸ਼ੇਸ਼ ਤੌਰ ’ਤੇ ਇਥੇ ਪਹੁੰਚੇ ਡਾਇਰੈਕਟਰ ਜਨਗਣਨਾ ਪੰਜਾਬ ਡਾ. ਅਭਿਸ਼ੇਕ ਜੈਨ ਨੇ ਅੱਜ ਜ਼ਿਲਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਚ ਡਿਪਟੀ ਕਮਿਸ਼ਨਰ ਅਤੇ ਹੋਰਨਾਂ ਉੱਚ ਅਧਿਕਾਰੀਆਂ ਦੀ ਮੌਜੂਦਗੀ ਵਿਚ ਚਾਰਜ ਅਫ਼ਸਰਾਂ ਦੀ ਦੋ ਰੋਜ਼ਾ ਸਿਖਲਾਈ ਦੇ ਸਮਾਪਤੀ ਸੈਸ਼ਨ ਮੌਕੇ ਦਿੱਤੀ। ਉਨਾਂ ਦੱਸਿਆ ਕਿ 29 ਜੂਨ 2020 ਤੱਕ ਚੱਲਣ ਵਾਲੇ ਪਹਿਲੇ ਪੜਾਅ ਵਿਚ ਮਕਾਨਾਂ ਦੀ ਗਿਣਤੀ ਦਾ ਕੰਮ ਮੁਕੰਮਲ ਕੀਤਾ ਜਾਵੇਗਾ, ਜਿਸ ਦੌਰਾਨ ਲੋਕਾਂ ਕੋਲ ਮੌਜੂਦ ਸੁਵਿਧਾਵਾਂ ਦਾ ਵਰਨਣ ਲਿਆ ਜਾਵੇਗਾ। ਉਨਾਂ ਦੱਸਿਆ ਕਿ ਆਜ਼ਾਦੀ ਤੋਂ ਪਹਿਲਾਂ ਭਾਰਤ ਵਿਚ ਪਹਿਲੀ ਵਾਰ ਜਨਗਣਨਾ 1872 ਵਿਚ ਸ਼ੁਰੂ ਹੋਈ ਸੀ ਅਤੇ 1881 ਤੋਂ ਹਰੇਕ ਦਸ ਸਾਲ ਬਾਅਦ ਜਨਗਣਨਾ ਹੁੰਦੀ ਆ ਰਹੀ ਹੈ।


ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
132’’ 88’’ 8 Seated Sofa
- ਅਸੀਂ ਸੋਫਾ ਸੈਟ ਖ਼ੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6

We Provide services:
- Corporation Registration
- Corporation Tax Returns
- Personal Tax Retrurns
- Accounting • Book - Keeping
- H.S.T • WSIB • T4 • E-File
- Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741

Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation (with over 27yrs. of experience)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
BOBBY SIDHU
partner
(Serving the Community for Over 16 yrs.)
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਬਰਾੜ ਗਰਾਜ ਡੋਰ
ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7



# ਸੰਪਾਦਕੀ

# ਸਰਕਾਰੀ ਰਾਹਤ ਤੋਂ ਲਾਭ ਅਤੇ ਕਮਿਉਨਿਟੀ ਫੈਲਾਉ ਤੋਂ ਬਚਾਓ

ਜਦੋਂ ਸਰਕਾਰਾਂ ਰਾਹਤ ਦੇਂਦੀਆਂ ਹਨ ਤਾਂ ਉਸਦੇ ਠੋਸ ਕਾਰਣ ਹੁੰਦੇ ਹਨ। ਕੱਲ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੱਲ ਐਲਾਨ ਕੀਤਾ ਕਿ ਕੈਨੇਡਾ ਦੀ ਆਰਥਕਤਾ ਦੇ 3% ਦੇ ਬਰਾਬਰ 82 ਬਿਲੀਅਨ ਡਾਲਰ ਰਾਸ਼ੀ ਨੂੰ ਰਾਹਤ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਇਹ ਐਲਾਨ ਕੋਰੋਨਾ-ਵਾਇਰਸ ਦੀ ਸਥਿਤੀ ਦੀ ਗੰਭੀਰਤਾ ਨੂੰ ਜ਼ਾਹਰ ਨਹੀਂ ਕਰਦਾ। ਇਹ ਸਥਿਤੀ ਤਾਂ ਪਹਿਲਾਂ ਹੀ ਬਥੇਰੀ ਗੰਭੀਰ ਹੈ ਜਿਸ ਬਾਰੇ ਕੈਨੇਡੀਅਨ ਅਤੇ ਵਿਸ਼ਵ ਦੇ ਬਹੁ-ਗਿਣਤੀ ਨਾਗਰਿਕ ਚੰਗੀ ਤਰਾਂ ਜਾਣੂੰ ਹਨ। ਇਹ ਰਾਹਤ ਸਿਰਫ਼ ਇਹ ਦਰਸਾਉਂਦੀ ਹੈ ਕਿ ਕੈਨੇਡੀਅਨ ਨਾਗਰਿਕਾਂ ਨੂੰ ਥੋੜੇ ਲੰਬੇ ਸਮੇਂ ਤੱਕ ਸੰਘਰਸ਼ ਕਰਨ ਲਈ ਤਿਆਰ ਰਹਿਣਾ ਪੈ ਸਕਦਾ ਹੈ। ਆਖਰ ਨੂੰ ਐਲਾਨੇ ਗਏ 82 ਬਿਲੀਅਨ ਡਾਲਰ ਕਿਤੇ ਰੁੱਖਾਂ ਤੋਂ ਲੱਗ ਕੇ ਨਹੀਂ ਆਉਣੇ ਸਗੋਂ ਕੱਲ ਨੂੰ ਟੈਕਸ ਰਾਹੀਂ ਆਮ ਨਾਗਰਿਕਾਂ ਨੂੰ ਭਰਨੇ ਪੈਣੇ ਹਨ। ਪਰ ਕੀ ਸਰਕਾਰ ਕੋਲ ਰਾਹਤ ਦੇਣ ਤੋਂ ਇਲਾਵਾ ਕੋਈ ਚਾਰਾ ਸੀ? ਬਿਲਕੁਲ ਨਹੀਂ ਸਗੋਂ ਇਹ ਤਾਂ ਦੇਰ ਨਾਲ ਚੁੱਕਿਆ ਗਿਆ ਸਹੀ ਕਦਮ ਹੈ।

ਦੇਰ ਨਾਲ ਚੁੱਕਿਆ ਕਦਮ ਇਸ ਲਈ ਕਿ ਹੁਣ ਕੋਰੋਨਾ-ਵਾਇਰਸ ਆਪਣੇ ਪੇਕੇ-ਸਥਾਨ ਭਾਵ ਚੀਨ ਦੇ ਵੂਹਾਨ ਸੂਬੇ ਦੇ ਹੂਬੇ (Hubei) ਸ਼ਹਿਰ ਨਾਲੋਂ ਮੋਹ ਭੰਗ ਕਰਕੇ ਅਖਤਿਆਰ ਕੀਤੇ ਦੇਸ਼ਾਂ ਇਟਲੀ, ਇਰਾਨ, ਸਪੇਨ, ਜਰਮਨੀ, ਸਾਊਥ ਕੋਰੀਆ, ਫਰਾਂਸ ਸਮੇਤ ਸਮੁੱਚੇ ਯੂਰਪ ਅਤੇ ਨੌਰਥ ਅਮਰੀਕਾ ਵਿੱਚ ਪੈਰ ਪਸਾਰਨ ਲੱਗਾ ਹੈ। ਇਹ ਆਰਟੀਕਲ ਲਿਖਣ ਤੱਕ ਦੀਆਂ ਖ਼ਬਰਾਂ ਮੁਤਾਬਕ ਨਵੀਆਂ ਹੋਈਆਂ 944 ਕੋਰੋਨਾ-ਵਾਇਰਸ ਮੌਤਾਂ ਵਿੱਚੋਂ ਚੀਨ ਵਿੱਚ ਸਿਰਫ਼ 11 ਨਵੀਆਂ ਮੌਤਾਂ ਹੋਈਆਂ ਜਦੋਂ ਕਿ ਇੱਕਲੇ ਇਟਲੀ ਵਿੱਚ 475 ਨਵੀਆਂ ਮੌਤਾਂ ਦਰਜ਼ ਕੀਤੀਆਂ ਗਈਆਂ। ਸਪੇਨ ਵਿੱਚ 147, ਫਰਾਂਸ 89, ਇੰਗਲੈਂਡ 33, ਹਾਲੈਂਡ ਵਿੱਚ 15 ਨਵੀਆਂ ਮੌਤਾਂ ਦਾ ਹੋਣਾ ਦੱਸਦਾ ਹੈ ਕਿ ਇਸ ਭੱਦਰਪੁਰਸ਼ ਵਾਇਰਸ ਦਾ ਨਿਸ਼ਾਨਾ ਕਿਸ ਪਾਸੇ ਜਾ ਰਿਹਾ ਹੈ। ਕੱਲ ਤੱਕ ਕੈਨੇਡਾ ਵਿੱਚ 656 ਕੇਸ ਹੋ ਚੁੱਕੇ ਸਨ ਜਿਹਨਾਂ ਵਿੱਚੋਂ 58 ਨਵੇਂ ਕੇਸ ਸਨ। ਕਿਉਬਿੱਕ ਦੀ ਪਹਿਲੀ ਮੌਤ ਨਾਲ ਕੈਨੇਡਾ ਵਿੱਚ 9 ਲੋਕ ਇਸ ਵਾਇਰਸ ਕਾਰਣ ਮਾਰੇ ਜਾ ਚੁੱਕੇ ਹਨ।

ਕੋਰੋਨਾ-ਵਾਇਰਸ ਦਾ ਫੈਲਾਉ ਹੁਣ ਕਮਿਉਨਿਟੀ ਆਧਾਰਿਤ ਲਾਗ (community spread) ਬਣ ਚੁੱਕਾ ਹੈ ਭਾਵ ਅਸੀਂ ਉਸ ਪੜਾਅ ਉੱਤੇ ਹਾਂ ਜਿੱਥੇ ਇਹ ਰੋਗ ਆਮ ਲੋਕਾਂ ਨੂੰ ਆਮ ਲੋਕਾਂ ਤੋਂ ਹੁੰਦਾ ਹੈ। ਕੈਨੇਡਾ-ਅਮਰੀਕਾ ਦਰਮਿਆਨ ਐਮਰਜੰਸੀ ਬਿਜਨਸ/ਸੇਵਾਵਾਂ ਤੋਂ ਬਿਨਾ ਬਾਰਡਰ ਦਾ ਦੋਵਾਂ ਸਰਕਾਰਾਂ ਦੀ ਸਹਿਮਤੀ ਨਾਲ ਬੰਦ ਕੀਤੇ ਜਾਣ ਅਤੇ 82 ਬਿਲੀਅਨ ਡਾਲਰਾਂ ਦੀ ਰਾਹਤ ਨੂੰ ਸਮਝਣਾ ਚਾਹੀਦਾ ਹੈ। ਇਹ ਸਮਾਂ ਜਿੰਨਾ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਰਾਹਤ ਤੋਂ ਲਾਭ ਲੈਣ ਦਾ ਹੈ, ਉੱਨਾ ਹੀ ਸਵੈ, ਪਰਿਵਾਰ ਵਿਸ਼ੇਸ਼ ਕਰਕੇ ਬੱਚਿਆਂ ਅਤੇ ਬਜ਼ੁਰਗਾਂ ਦੀ ਸਹੀ ਸੰਭਾਲ ਕਰਨ ਦਾ ਹੈ। ਪੈਸੇ, ਵਸਤਾਂ, ਸਰਕਾਰੀ ਰਾਹਤ ਇਹ ਸਾਰੇ ਸ੍ਰੋਤ ਸਰੀਰਕ ਸੰਭਾਲ ਕਰਨ ਵਿੱਚ ਸਹਾਈ ਹੁੰਦੇ ਹਨ ਪਰ ਇਤਿਹਾਸ ਗਵਾਹ ਹੈ ਕਿ ਅੰਤ ਨੂੰ ਵੱਡੀਆਂ ਚੁਣੌਤੀਆਂ ਮਨ ਦੀ ਮਜ਼ਬੂਤੀ ਨਾਲ ਜਿੱਤੀਆਂ ਜਾਂਦੀਆਂ ਹਨ। ਇਸ ਵਾਸਤੇ ਉਹ ਯਤਨ ਕਰਨੇ ਭੁੱਲਣੇ ਨਹੀਂ ਚਾਹੀਦੇ ਜਿਸ ਨਾਲ ਮਨ ਦੀ ਤੰਦਰੁਸਤੀ ਕਾਇਮ ਰਹੇ। ਜੇ ਗੁਰਬਾਣੀ ਦਾ ਸਿਧਾਂਤ 'ਮਨ ਜੀਤੇ ਜਗਜੀਤ' ਹੈ ਤਾਂ ਸੁਰਤੀਆ ਹੀ ਇਹ ਸੁਨੇਹਾ ਮਨੁੱਖੀ ਬਿਪਤਾ ਵੇਲੇ ਕੰਮ ਆਉਣ ਵਾਸਤੇ ਹੀ ਗੁਰੂ ਸਾਹਿਬ ਨੇ ਸਾਨੂੰ ਬਖਸ਼ਿਆ ਹੋਵੇਗਾ।

ਹੁਣ ਰਹੀ ਗੱਲ ਰਾਹਤ ਦੀ। ਇਸ ਵਿੱਚ 2 ਬਿਲੀਅਨ ਡਾਲਰ ਦੇ ਬਰਾਰਰ ਅਤੀਰਿਕਤ ਚਾਈਲਡ ਟੈਕਸ ਬੈਨੇਫਿਟ, 10 ਬਿਲੀਅਨ ਨਾਲ ਉਹਨਾਂ ਵਰਕਰਾਂ ਜਾਂ ਸੈਲਫ ਇੰਪਲਾਇਡ ਲੋਕਾਂ ਨੂੰ 15 ਹਫ਼ਤੇ ਤੱਕ 450 ਡਾਲਰ ਪ੍ਰਤੀ ਹਫ਼ਤਾ ਮੁਹਈਆ ਕਰਨੇ ਸ਼ਾਮਲ ਹੈ ਜਿਹਨਾਂ ਨੂੰ ਇਸ ਬਿਮਾਰੀ ਕਾਰਣ ਬਿਨਾ ਰੁਜ਼ਗਾਰ ਘਰ ਰਹਿਣਾ ਪੈ ਸਕਦਾ ਹੈ। 5 ਬਿਲੀਅਨ ਡਾਲਰ ਉਹਨਾਂ ਲੋਕਾਂ ਨੂੰ ਮਾਲੀ ਸਹਾਰਾ ਦੇਣ ਉੱਤੇ ਖਰਚੇ ਜਾਣਗੇ ਜਿਹਨਾਂ ਕੋਲ ਇੰਪਲਾਇਮੈਂਟ ਇੰਸ਼ੂਰੈਂਸ ਦੀ ਸਹੂਲਤ ਨਹੀਂ ਹੈ। 55 ਬਿਲੀਅਨ ਡਾਲਰ ਵਿੱਚੋਂ ਵੱਡਾ ਹਿੱਸਾ ਬਿਜਨਸਾਂ ਨੂੰ ਦੇਰੀ ਨਾਲ ਟੈਕਸ ਭਰਨ ਦੀ ਸਹੂਲਤ (31 ਅਗਸਤ), ਬਿਜਸਨਾਂ ਨੂੰ ਅਤੀਰਿਕਤ ਫੰਡ ਮੁਹਈਆ ਕਰਨ (ਜਿਹਨਾਂ ਦੀ ਹਾਲੇ ਤਫ਼ਸੀਲ ਜਾਰੀ ਨਹੀਂ ਕੀਤੀ) ਅਤੇ 50 ਬਿਲੀਅਨ ਡਾਲਰ ਨਾਲ ਬੈਂਕਾਂ ਅਤੇ ਕਰਜ਼ਾ ਦੇਣ ਵਾਲੀਆਂ ਹੋਰ ਸੰਸਥਾਵਾਂ ਨੂੰ ਬੀਮਾਯੁਕਤ ਮਾਰਟਗੇਜ ਦਿੱਤੀ ਜਾਵੇਗੀ ਤਾਂ ਜੋ ਬੈਂਕਾਂ ਦੇ ਫੰਡ ਸਥਿਰ ਰਹਿ ਸੱਕਣ। ਆਖਰ ਨੂੰ ਦੇਸ਼ ਦੀ ਆਰਥਕਤਾ ਬੈਂਕਾਂ ਦੀ ਮਾਲੀ ਸਥਿਰਤਾ ਉੱਤੇ ਟਿਕੀ ਹੁੰਦੀ ਹੈ।

ਸੋ ਵਕਤ ਦੀ ਲੋੜ ਹੈ ਕਿ ਹਰ ਵਿਅਕਤੀ ਅਤੇ ਹਰ ਬਿਜਨਸ ਨਿੱਜੀ ਰੁਚੀ ਨਾਲ ਇਹ ਵੇਖੇ ਕਿ ਉਹ ਫੈਡਰਲ ਅਤੇ ਪ੍ਰੋਵਿੰਸ਼ੀਅਲ ਸਰਕਾਰਾਂ ਦੇ ਰਾਹਤ ਕਾਰਜ ਕਾਰਜਾਂ ਤੋਂ ਕਿਵੇਂ ਲਾਭ ਲੈ ਸਕਦਾ/ਸਕਦੇ ਹਨ। ਨਾਲ ਹੀ ਇਹ ਵੇਖਿਆ ਜਾਵੇ ਕਿ ਪਰਿਵਾਰ, ਸਮਾਜ ਅਤੇ ਮੁਲਾਜ਼ਮਾਂ ਨੂੰ ਸੁਰੱਖਿਅਤ ਰੱਖਣ ਵਿੱਚ ਕੀ ਯੋਗਦਾਨ ਪਾਇਆ ਜਾ ਸਕਦਾ ਹੈ। ਜੇ ਜਾਨ ਹੈ ਤਾਂ ਜਹਾਨ ਹੈ, ਉਹ ਜਹਾਨ ਜਿਸ ਵਿੱਚ ਜਿਉਣ ਦਾ ਆਨੰਦ ਤੰਦਰੁਸਤ ਮਨ ਨਾਲ ਮਾਣਿਆ ਜਾ ਸਕਦਾ ਹੈ।

# ਕੋਰੋਨਾ ਵਾਇਰਸ: ਝਾਰਖੰਡ ਦੇ ਹਸਪਤਾਲ ਤੋਂ 90 ਫੀਸਦੀ ਸ਼ੱਕੀ ਫਰਾਰ

## * ਗੈਰ-ਕਾਨੂੰਨੀ ਮਾਸਕ ਬਣਾਉਣ ਦੀ ਫੈਕਟਰੀ ਦਾ ਪਰਦਾ ਫਾਸ਼

ਰਾਂਚੀ, 18 ਮਾਰਚ, (ਪੋਸਟ ਬਿਊਰੋ)- ਝਾਰਖੰਡ ਦੇ ਸਭ ਤੋਂ ਵੱਡੇ ਹਸਪਤਾਲ, ਰਿਮਜ਼ (ਰਾਜਿੰਦਰ ਮੈਡੀਕਲ ਸਾਇੰਸਜ਼ ਇੰਸਟੀਚਿਊਟ) ਤੋਂ ਅੱਜ ਤੱਕ ਕੋਰੋਨਾ ਵਾਇਰਸ ਦੇ 90 ਫੀਸਦੀ ਸ਼ੱਕੀ ਲੋਕ ਫਰਾਰ ਹੋ ਚੁੱਕੇ ਹਨ। ਇਹ ਲੋਕ ਮੈਨੇਜਮੈਂਟ ਨੂੰ ਖੂਨ ਦੇ ਸੈਂਪਲ ਦੇਣ ਪਿੱਛੋਂ ਫਰਾਰ ਹੋਏ ਹਨ। ਮੰਨਿਆ ਜਾਂਦਾ ਹੈ ਕਿ ਟੈਸਟ ਪਾਜ਼ਿਟਿਵ ਨਿਕਲ ਆਇਆ ਤਾਂ ਇਹ ਲੋਕ ਕਈ ਹੋਰ ਲੋਕਾਂ ਨੂੰ ਵੀ ਆਪਣੀ ਲਪੇਟ ਵਿੱਚ ਲੈ ਸਕਦੇ ਹਨ।

ਪਤਾ ਲੱਗਾ ਹੈ ਕਿ ਝਾਰਖੰਡ ਰਾਜ ਵਿੱਚ ਮਹਾਮਾਰੀ ਕਾਨੂੰਨ ਲਾਗੂ ਹੋਣ ਮਗਰੋਂ ਕੋਰੋਨਾ ਦੇ ਵਾਇਰਸ ਦੇ ਸ਼ੱਕ ਵਾਲੇ ਕਈ ਲੋਕ ਰਾਂਚੀ, ਰਾਮਗੜ੍ਹ, ਗਿਰੀਡੀਹ, ਛਤਰਾ, ਗੁਮਲਾ, ਧਨਬਾਦ ਅਤੇ ਚਾਈਬਾਸਾ ਆਦਿ ਸ਼ਹਿਰਾਂ ਤੋਂ ਗਾਇਬ ਹੋ ਗਏ ਹਨ। ਸਿਹਤ ਵਿਭਾਗ ਨੇ ਇਨ੍ਹਾਂ ਲੋਕਾਂ ਦੀ ਪਛਾਣ ਕਰਨ ਲਈ ਆਮ ਲੋਕਾਂ ਨੂੰ ਸੁਚੇਤ ਕੀਤਾ ਹੈ। ਵਿਸ਼ਨੂੰਗੜ, ਹਜ਼ਾਰੀਬਾਗ ਦੇ ਪੰਜ ਨੌਜਵਾਨ ਵਿਦੇਸ਼ ਤੋਂ ਵਾਪਸ ਆਏ ਹਨ, ਉਨ੍ਹਾਂ ਨੂੰ ਪਿਛਲੇ ਪੰਜ ਦਿਨ ਕੋਰੋਨਾ ਦੇ ਸ਼ੱਕ ਕਾਰਨ ਡਾਕਟਰੀ ਨਿਗਰਾਨੀ ਵਿੱਚ ਰੱਖਿਆ ਗਿਆ ਹੈ। ਇਹ ਨੌਜਵਾਨ ਮਲੇਸ਼ੀਆ, ਸ੍ਰੀਲੰਕਾ, ਕਤਰ, ਮਿਆਂਮਾਰ ਤੋਂ ਵਾਪਸ ਆਏ ਹਨ। ਵਿਸ਼ਨੂਗੜ੍ਹ ਦੇ ਸਥਾਨਕ ਮੈਡੀਕਲ ਅਫਸਰ ਨੇ ਸੂਚਨਾ ਮਿਲਦੇ ਸਾਰ ਇਨ੍ਹਾਂ ਨੂੰ ਆਪਣੀ ਨਿਗਰਾਨੀ ਹੇਠ ਰੱਖ ਕੇ ਜਾਂਚ ਸ਼ੁਰੂ ਕਰਵਾਈ ਹੈ।

ਦੂਸਰੇ ਪਾਸੇ ਕੋਰੋਨਾ ਵਾਇਰਸ ਦੇ ਕਾਰਨ ਸਾਰੇ ਭਾਰਤ ਵਿੱਚ ਹੈਂਡ ਸੈਨੇਟਾਈਜ਼ਰ ਤੇ ਮਾਸਕ ਦੀ ਮੰਗ ਵਧਣ ਕਰ ਕੇ ਕਾਲਾ ਬਾਜ਼ਾਰੀ ਦੇ ਕਈ ਕੇਸ ਪਤਾ ਲੱਗ ਰਹੇ ਹਨ। ਸੋਨੀਪਤ ਦੇ ਗੋਹਾਨਾ ਵਿੱਚ ਮਾੜੀ ਕੁਆਲਟੀ ਦੇ ਮਾਸਕ ਬਣਾਉਣ ਵਾਲੀ ਇੱਕ ਫੈਕਟਰੀ ਦਾ ਪਰਦਾ ਫਾਸ਼ ਹੋਇਆ ਹੈ। ਇੱਥੇ ਟਾਈਲ ਫੈਕਟਰੀ ਵਿੱਚ ਗੈਰ ਕਾਨੂੰਨੀ ਢੰਗ ਨਾਲ ਇੱਕ ਸੌ ਦੇ ਕਰੀਬ ਔਰਤਾਂ ਜਮੀਨ ਉੱਤੇ ਬੈਠ ਕੇ ਇਹ ਮਾਸਕ ਬਣਾ ਰਹੀਆਂ ਸਨ ਅਤੇ ਇਨ੍ਹਾਂ ਖ਼ੁਦ ਨੇ ਵੀ ਮਾਸਕ ਨਹੀਂ ਪਾਏ ਸਨ। ਏਥੋਂ ਕਰੀਬ 50 ਹਜ਼ਾਰ ਨਕਲੀ ਮਾਸਕ ਜ਼ਬਤ ਕੀਤੇ ਗਏ ਹਨ। ਇਸ ਫੈਕਟਰੀ ਉੱਤੇ ਮੁੱਖ ਮੰਤਰੀ ਦੀ ਖਾਸ ਫਲਾਇੰਗ ਟੀਮ ਨੇ ਛਾਪਾ ਮਾਰਿਆ ਸੀ। ਫੈਕਟਰੀ ਦਾ ਸਾਰਾ ਸਾਮਾਨ ਜ਼ਬਤ ਕਰ ਲਿਆ ਗਿਆ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਕੈਨੇਡਾ-ਅਮਰੀਕਾ ਸਰਹੱਦ ਕੀਤੀ ਗਈ ਬੰਦ

...ਪੰਨਾ 1 ਦਾ ਬਾਕੀ

ਕੈਨੇਡੀਅਨਾਂ ਨੂੰ ਸਿਹਤ ਸੰਬੰਧੀ ਫ਼ੈਸਲਿਆਂ ਨੂੰ ਉਹਨਾਂ ਦੀ ਵਿੱਤੀ ਜ਼ਰੂਰਤਾਂ ਦੇ ਅਧਾਰ ਤੇ ਨਹੀਂ ਲੈਣੇ ਚਾਹੀਦੇ। ਜਿਉਂ-ਜਿਉਂ ਸਥਿਤੀ ਵਿਕਸਤ ਹੁੰਦੀ ਰਹੇਗੀ, ਕੈਨੇਡਾ ਵਾਸੀਆਂ ਦੀ ਸਹਾਇਤਾ ਕਕਨ, ਆਰਥਿਕਤਾ ਨੂੰ ਉਤੇਜਿਤ ਕਰਨ ਅਤੇ ਲੋਕਾਂ ਦੀਆਂ ਨੌਕਰੀਆਂ ਅਤੇ ਰੋਜ਼ੀ-ਰੋਟੀ ਦੀ ਰਾਖੀ ਲਈ ਹੋਰ ਉਪਰਾਲੇ ਐਲਾਨੇ ਜਾਣਗੇ।

ਕਾਮਿਆਂ ਲਈ ਸਹਾਇਤਾ

ਕੈਨੇਡੀਅਨਾਂ ਨੂੰ ਕੋਵਿਡ-19 ਸੰਕਟ ਕਾਰਨ ਆਪਣਾ ਕਿਰਾਇਆ ਜਾਂ ਗਿਰਵੀਨਾਮਾ ਅਦਾ ਕਰਨ ਜਾਂ ਕਰਿਆਨਾ ਖਰੀਦਣ ਬਾਰੇ ਚਿੰਤਾ ਨਹੀਂ ਕਰਨੀ ਚਾਹੀਦੀ। ਵਰਕਰਾਂ ਅਤੇ ਉਹਨਾਂ ਦੇ ਪਰਿਵਾਰਾਂ ਦੀ ਸਹਾਇਤਾ ਲਈ, ਕੈਨੇਡਾ ਸਰਕਾਰ ਹੇਠ ਲਿਖੇ ਕਦਮ ਉਠਾ ਰਹੀ ਹੈ:

ਕੈਨੇਡਾ ਚਾਈਲਡ ਬੈਨੀਫ਼ਿਟ ਦੀਆਂ ਭੁਗਤਾਨਾਂ ਨੂੰ ਅਸਥਾਈ ਤੌਰ ਤੇ ਵਧਾਇਆ ਜਾਵੇਗਾ ਤਾਂ ਕਿ ਪਰਿਵਾਰਾਂ ਨੂੰ ਹੋਰ

ਮਦਦ ਮਿਲ ਸਕੇ। ਇਸ ਵਾਧੇ ਰਾਹੀਂ, 2 ਬਿਲੀਅਨ ਤਕ ਦੀ ਵਧੇਰੀ ਮਦਦ ਪ੍ਰਦਾਨ ਕੀਤੀ ਜਾ ਰਹੀ ਹੈ।

ਉਹਨਾਂ ਕਰਮਚਾਰੀਆਂ ਨੂੰ, ਜੋ ਘਰ ਰਹਿਣ ਲਈ ਮਜਬੂਰ ਹਨ ਅਤੇ ਬਿਮਾਰੀ ਦੀ ਛੁੱਟੀ ਨਹੀਂ ਲੈ ਸਕਦੇ, ਆਮਦਨੀ ਸਹਾਇਤਾ ਪ੍ਰਦਾਨ ਕਰਨ ਲਈ, ਐਮਰਜੈਂਸੀ ਕੇਅਰ ਬੈਨੀਫ਼ਿਟ ਰਾਹੀਂ, 15 ਹਫ਼ਤਿਆਂ ਤਕ ਦੋ-ਹਫ਼ਤਾਵਰੀ 900 ਡਾਲਰ ਤਕ ਦੀਆਂ ਭੁਗਤਾਨਾਂ ਮਿਲ ਸਕਦੀਆਂ ਹਨ। ਇਸ ਉਪਰਾਲੇ ਰਾਹੀਂ ਕੈਨੇਡਾ ਵਾਸੀਆਂ ਨੂੰ ̊10 ਬਿਲੀਅਨ ਤਕ ਮਿਲ ਸਕਦੇ ਹਨ, ਜਿਸ ਵਿੱਚ ਸ਼ਾਮਲ ਹਨ:

- ਕਾਮੇ, ਸਵੈ-ਰੁਜ਼ਗਾਰ ਸਮੇਤ, ਜੋ ਬਿਮਾਰ ਹਨ, ਤੁਓਰਓਨਟਨਿਏ ਵਿੱਚ ਹਨ, ਜਾਂ ਜਿਨ੍ਹਾਂ ਨੂੰ ਸਵੈ-ਆਈਸੋਲੇਟ ਕਰਨ ਲਈ ਕਿਹਾ ਗਿਆ ਹੈ ਪਰ ਉਹ ਰੋਜ਼ਗਾਰ ਬੀਮੇ (ਈ.ਆਈ) ਲਈ ਯੋਗ ਨਹੀਂ ਹਨ।
- ਕਾਮੇ, ਸਵੈ-ਰੁਜ਼ਗਾਰ ਸਮੇਤ, ਜੋ ਆਪਣੇ ਕਿਸੇ ਪਰਿਵਾਰ ਮੈਂਬਰ ਦੀ ਦੇਖ-ਭਾਲ ਕਰ ਰਹੇ ਹਨ ਜੋ ਕੋਵਿਡ19 ਦੇ ਮਰੀਜ਼ ਹਨ, ਪਰ ਉਹ ਰੋਜ਼ਗਾਰ ਬੀਮੇ (ਈ.ਆਈ) ਲਈ ਯੋਗ ਨਹੀਂ ਹਨ।
- ਈ.ਆਈ ਯੋਗ ਅਤੇ ਗੈਰ ਈ.ਆਈ ਯੋਗ ਕੰਮ ਕਰਨ ਵਾਲੇ ਮਾਪੇ ਜਿਨ੍ਹਾਂ ਨੂੰ ਬੱਚਿਆਂ ਨੂੰ ਸੰਭਾਲਣ ਲਈ, ਬਿਨ੍ਹਾਂ ਤਨਖਾਹ ਤੋਂ, ਘਰ ਰਹਿਣ ਲਈ ਮਜਬੂਰ ਕੀਤਾ ਗਿਆ ਹੈ।
- ਐਮਰਜੈਂਸੀ ਸਹਾਇਤਾ ਬੈਨੀਫ਼ਿਟ - ਕੈਨੇਡਾ ਰੈਵਿਨਿਊ ਅਜੈਂਸੀ ਵਲੋਂ 5 ਬਿਲੀਅਨ ਤਕ ਦੀ ਮਦਦ - ਉਹਨਾਂ ਕਾਮਿਆਂ ਲਈ ਜੋ ਈ.ਆਈ ਦੇ ਯੋਗ ਨਹੀਂ ਹਨ. ਅਤੇ ਬੇਰੋਜ਼ਗਾਰੀ ਦਾ ਸਾਹ-ਮਣਾ ਕਰ ਰਹੇ ਹਨ।
- ਘੱਟ ਆਮਦਨ ਵਾਲੇ ਪਰਿਵਾਰਾਂ ਨੂੰ ਵਧੇਰੀ ਸਹਾਇਤਾ ਪ੍ਰਦਾਨ ਕਰਨ ਲਈ ਜੀ.ਐਸ.ਟੀ ਕ੍ਰੈਡਿਟ ਰਾਹੀਂ ਭੁਗਤਾਨਾਂ।
- ਇਸ ਨਾਲ ਈਕੋਨਿਮੀ ਵਿੱਚ 5.5 ਬਿਲੀਅਨ ਡਾਲਰ ਭੇਜੇ ਜਾਣਗੇ।
- ਛੇ ਮਹੀਨਿਆਂ ਲਈ, ਈ.ਆਈ ਦੇ ਲਾਭ ਲਈ ਇੱਕ ਹਫ਼ਤੇ ਦੇ ਲਾਜ਼ਮੀ 'ਵੇਟਿੰਗ ਪੀਰੀਏਡ' ਦੀ ਛੋਟ। ਇਹ ਉਹਨਾਂ
- ਕਾਮਿਆਂ ਲਈ ਹੈ ਜੋ ਆਈਸੋਲੇਸ਼ਨ ਵਿੱਚ ਲਾਜ਼ਮੀ ਤੌਰ ਤੇ ਭੇਜਿਆ ਗਿਆ ਹੈ, ਜਿਵੇਂ ਕਿ ਮਾਰਚ 11 ਨੂੰ ਐਲਾਨ ਕੀਤਾ ਗਿਆ ਸੀ।
- ਈ.ਆਈ ਸਿਕਨਿਸ ਲਾਭਾਂ ਨਈ ਮੈਡੀਕਲ ਸਰਟਿਫ਼ੀਕੇਟ ਦੀ ਲੋੜ ਤੋਂ ਛੋਟ।
- ਵਿਅਕਤੀਆਂ ਲਈ ਟੈਕਸ ਜਮ੍ਹਾ ਕਰਨ ਦੀ ਡੈਡਲਾਈਨ ਨੂੰ 1 ਜੂਨ ਤਕ ਵਧਾਇਆ ਗਿਆ ਹੈ, ਅਤੇ ਟੈਕਸ ਦੇਣ ਵਾਲਿਆਂ ਨੂੰ ਆਮਦਨ ਟੈਕਸ ਦੇਣ ਲਈ ਅਗਸਤ 31 ਤਕ ਦਾ ਸਮਾ ਦਿੱਤਾ ਜਾਵੇਗਾ (ਸਤੰਬਰ 2020 ਤਕ ਦੀ ਆਮਦਨ ਟੈਕਸ)। ਇਨਕਮ ਟੈਕਸ ਐਕਟ ਦੇ ਪਹਿਲੇ ਭਾਗ ਅਧੀਨ ਟੈਕਸਾਂ ਨੂੰ ਇਹ ਰਾਹਤ ਅਪਲਾਈ ਕਰਦੀ ਹੈ। ਇਸ ਮਿਆਦ ਦੌਰਾਨ ਇਹਨਾਂ ਰਕਮਾਂ ਉਤੇ ਕੋਈ ਵਿਆਜ ਜਾਂ ਜੁਰਮਾਨਾ ਇਕ-ਤਰ ਨਹੀਂ ਹੋਣਗੇ। ਇਸ ਉਪਾਅ ਦੇ ਨਤੀਜੇ ਵਜੋਂ ਪਰਿਵਾਰਾਂ ਨੂੰ ਇਸ ਮਿਆਦ ਦੌਰਾਨ ਵਧੇਰੇ ਪੈਸੇ ਉਪਲੱਬਧ ਹੋਣਗੇ।
- ਛੋਟੇ ਕਾਰੋਬਾਰਾਂ ਨੂੰ ਅਗਲੇ 90 ਦਿਨਾਂ ਲਈ 10 ਪ੍ਰਤੀਸ਼ਤ ਤਨਖਾਹ ਸਬਸਿਡੀ ਪ੍ਰਦਾਨ ਕੀਤੀ ਜਾਵੇਗੀ - ਪ੍ਰਤੀ ਕਰਮਚਾਰੀ ਵੱਧ ਤੋਂ ਵੱਧ ̊1,375 ਅਤੇ ਪ੍ਰਤੀ ਮਾਲਕ ̊25,000 ਤੱਕ। ਇਸ ਉਪਾਅ ਦਾ ਲਾਭ ਲੈਣ ਵਾਲਿਆਂ ਵਿੱਚ ਸਮਾਲ ਕਾਰੋਬਾਰ ਕਟੌਤੀ ਦੇ ਯੋਗ ਕਾਰੋਬਾਰ ਵੀ ਸ਼ਾਮਲ ਹਨ, ਅਤੇ ਨਾਲ ਹੀ ਨਾ-ਮੁਨਾਫ਼ਾ ਸੰਗਠਨਾਂ ਅਤੇ ਚੈਰੀਟੀਜ਼। ਇਸ ਨਾਲ ਮਾਲਕਾਂ ਨੂੰ ਆਪਣੇ ਪੇਰੋਲ ਉਤੇ ਕਾਮਿਆਂ ਨੂੰ ਰੱਖਣ, ਅਤੇ ਕੈਨੇਡਾ ਵਾਸੀਆਂ ਨੂੰ ਆਪਣੀਆਂ ਨੌਕਰੀਆਂ ਰੱਖਣ ਵਿੱਚ ਮਦਦ ਮਿਲੇਗੀ।
- ਘਰਾਂ ਦੇ ਮਾਲਕਾਂ ਦੀਆਂ ਮੌਰਗੇਜ ਭੁਗਤਾਨ ਮੁਤਲਵੀ ਕਰਨ ਵਾਲਿਆਂ ਨੂੰ ਅਤੇ ਸਰਕਾਰ ਵਲੋਂ ਇਨਸ਼ੁਰ ਕੀਤੇ ਮੌਰਗੇਜ ਲੋਨਜ਼ ਲੈਣ ਵਾਲਿਆਂ ਲਈ (ਜੋ ਇਸ ਵਾਇਰਸ ਕਾਰਨ ਵਿੱਤੀ ਸੰਬੰਧੀ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ) ਵਧੇਰੀ ਰਾਹਤ। ਬੀਮਾ ਕਰਤਾ ਰਿਣਦਾਤਾਵਾਂ ਨੂੰ ਭੁਗਤਾਨ ਮੁਤਲਵੀ ਕਰਨ ਦੀ ਆਗਿਆ ਤੁਰੰਤ ਦੇਣਗੇ। ਇਸ ਤੋਂ ਇਲਾਵਾ, ਕਮਜ਼ੋਰ ਸਮੂਹਾਂ ਲਈ ਲਕਸ਼ਿਤ ਸਹਾਇਤਾ ਪ੍ਰਦਾਨ ਕਰਨ ਲਈ, ਸਰਕਾਰ ਨਿਵੇਸ਼ ਕਰ ਰਹੀ ਹੈ:
- ਮਾਰਕਿਟ ਦੇ ਹਾਲਾਤਾਂ ਦਾ ਬਜ਼ੁਰਗਾਂ ਦੀਆਂ ਸੇਵਿੰਗਜ਼ ਉਤੇ ਪ੍ਰਭਾਵ ਵੇਖਦੇ ਹੋਏ ̀, ਰੈਜਿਸਟਰਡ ਰਿਟਾਇਰਮੈਂਟ ਇਨਕਮ ਫ਼ੰਡਜ਼ ਦੀ ਮਿਨੀਮਮ ਵਿਦਡ੍ਰੌਲ ਨੂੰ ਸਾਲ 2020 ਲਈ 25ਗ ਘਟਾਇਆ ਜਾ ਰਿਹਾ ਹੈ।
- ਛੇ ਮਹੀਨਿਆਂ ਲਈ, ਵਿਆਜ-ਮੁਕਤ, ਕੈਨੇਡਾ ਸਟੂਡੈਂਟ ਲੋਨ ਉਤੇ ਮੋਰਾਟੋਰੀਅਮ - ਉਹਨਾਂ ਵਿਅਕਤੀਆਂ ਲਈ ਜੋ ਇਸ ਕਰਜ਼ੇ ਨੂੰ ਵਾਪਸ ਕਰਨ ਦੀ ਪ੍ਰਕਿਰਿਆ ਵਿੱਚ ਹਨ।
- ਨਵੇਂ ਮੂਲਵਾਸੀ ਕਮਿਊਨਿਟੀ ਸਹਾਇਤਾ ਫ਼ੰਡ ਲਈ ̊305 ਮਿਲੀਅਨ, ਤਾਂ ਕਿ ਫ਼ਰਸਟ ਨੇਸ਼ਨ, ਇਨੂਵਿਟ, ਅਤੇ ਮੇਟੀ ਲੋਕਾਂ ਦੀਆਂ ਲੋੜਾਂ ਪੂਰੀਆਂ ਹੋ ਸਕਣ।
- ਔਰਤਾਂ ਦੇ ਸ਼ੈਲਟਰਾਂ ਅਤੇ ਸੈਕਸ਼ੂਅਲ ਅਸੌਲਟ ਸੈਂਟਰਾਂ ਨੂੰ ̊50 ਮਿਲੀਅਨ - ਤਾਂ ਕਿ ਇਹਨਾਂ ਸੈਂਟਰਾਂ ਵਿੱਚ ਬਿਮਾਰੀ ਨਾ ਫੈਲੇ। ਇਹਨਾਂ ਵਿੱਚ ਮੂਲਵਾਸੀ ਭਾਈਚਾਰਿਆਂ ਦੇ ਸੈਂਟਰਾਂ ਲਈ ਫ਼ੰਡਿੰਗ ਸ਼ਾਮਲ ਹੈ।
- ਬੇਘਰੇ ਕੈਨੇਡੀਅਨਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ 'ਰੀਚਿੰਗ ਹੋਮ ਪ੍ਰੋਗਰਾਮ' ਰਾਹੀਂ ਵਧੇਰੇ ̊157.5 ਮਿਲੀਅਨ। ਕਾਰੋਬਾਰਾਂ ਲਈ ਸਹਾਇਤਾ

ਅਨਿਸ਼ਚਿਤ ਆਰਥਿਕ ਸਥਿਤੀ ਅਤੇ ਕਰਜ਼ਾਈ ਹਾਲਤਾਂ ਦੇ ਬਾਵਜੂਦ, ਪ੍ਰਭਾਵਿਤ ਕਾਰੋਬਾਰਾਂ ਦੀ ਸਹਾਇਤਾ ਲਈ ਸਰਕਾਰ ਕਦਮ ਉਠਾ ਰਹੀ ਹੈ। ਕੈਨੇਡੀਅਨ ਕਾਰੋਬਾਰਾਂ ਦਾ ਸਮਰਥਨ ਕਰਨ ਅਤੇ ਉਹਨਾਂ ਨੂੰ ਇਸ ਮੁਸ਼ਕਲ ਸਮੇਂ ਦੌਰਾਨ ਆਪਣੇ ਕਾਮਿਆਂ ਨੂੰ ਬਰਕਰਾਰ ਰੱਖਣ ਵਿੱਚ ਸਹਾਇਤਾ ਲਈ, ਸਰਕਾਰ ਇਹਨਾਂ ਉਪਾਵਾਂ ਦਾ ਐਲਾਨ ਕਰ ਰਹੀ ਹੈ:

- ਸਾਰੇ ਕਾਰੋਬਾਰਾਂ ਲਈ ਆਮਦਨ ਟੈਕਸ ਦੇਣ ਲਈ 31 ਅਗਸਤ ਦਾ ਸਮਾਂ ਦਿੱਤਾ ਜਾ ਰਿਹਾ ਹੈ - ਸਤੰਬਰ 2020 ਤਕ ਦੈ ਟੈਕਸ ਲਈ। ਇਨਕਮ ਟੈਕਸ ਐਕਟ ਦੇ ਪਹਿਲੇ ਭਾਗ ਅਧੀਨ ਟੈਕਸਾਂ ਨੂੰ ਇਹ ਰਾਹਤ ਅਪਲਾਈ ਕਰਦੀ ਹੈ। ਇਸ ਮਿਆਦ ਦੌਰਾਨ ਇਹਨਾਂ ਰਕਮਾਂ ਉਤੇ ਕੋਈ ਵਿਆਜ ਜਾਂ ਜੁਰਮਾਨਾ ਇਕ-ਤਰ ਨਹੀਂ ਹੋਣਗੇ। ਇਸ ਉਪਾਅ ਦੇ ਨਤੀਜੇ ਵਜੋਂ ਕਾਰੋਬਾਰਾਂ ਨੂੰ ਇਸ ਮਿਆਦ ਦੌਰਾਨ ਵਧੇਰੇ ਪੈਸੇ ਉਪਲੱਬਧ ਹੋਣਗੇ।
- ਛੋਟੇ, ਮੀਡੀਅਮ, ਅਤੇ ਵੱਡੇ ਕਾਰੋਬਾਰਾਂ ਦੇ ਕ੍ਰੈਡਿਟ ਵਿੱਚ ਵਾਧਾ। ਜਿਵੇਂ ਕਿ 13 ਮਾਰਚ ਨੂੰ ਐਲਾਨ ਕੀਤਾ ਗਿਆ ਸੀ,ਨਵਾਂ ਬਿਜ਼ਨਿਸ ਕ੍ਰੈਡਿਟ ਅਵੇਲੀਬਿਲੀਟੀ ਪ੍ਰੋਗਰਾਮ, ਬਿਜ਼ਨਿਸ ਡਿਵੈਲਪਮੈਂਟ ਬੈਂਕ ਆਫ਼ ਕੈਨੇਡਾ ਅਤੇ ਐਕਸਪੋਰਟ ਡਿਵੈਲਪਮੈਂਟ ਕੈਨੇਡਾ ਰਾਹੀਂ, ̊10 ਬਿਲੀਅਨ ਡਾਲਰ ਦੇਵੇਗਾ। ਇਹ ਉਹਨਾਂ ਕਾਰੋਬਾਰਾਂ ਲਈ ਹੈ ਜੋ ਕੈਸ਼ ਫ਼ਲੋ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਸਰਕਾਰ, ਕ੍ਰਾਊਨ ਕਾਰਪੋਰੇਸ਼ਨਾਂ ਰਾਹੀਂ ਵਧੇਰੀ ਕੈਪੀਟਲ ਪ੍ਰਦਾਨ ਕਰਨ ਲਈ ਤਿਆਰ ਹੈ।
- ਐਕਸਪੋਰਟ ਡਿਵੈਲਪਮੈਂਟ ਕੈਨੇਡਾ ਦੇ ਘਰੇਲੂ ਕਾਰੋਬਾਰਾਂ ਨੂੰ ਸਹਾਇਤਾ ਪ੍ਰਦਾਨ ਕਰਨ ਦੀ ਯੋਗਤਾ ਨੂੰ ਵਧਾਇਆ ਜਾ ਰਿਹਾ ਹੈ।
- ਕੈਨੇਡਾ ਖਾਤਾ ਲਿਮਿਟ ਵਿੱਚ ਢਿੱਲ, ਤਾਂ ਕਿ ਸਰਕਾਰ, ਅਸਧਾਰਨ ਹਾਲਤਾਂ ਨਾਲ ਨਜਿੱਠਣ ਸਮੇਂ, ਘਰੇਲੂ ਕਾਰੋਬਾਰਾਂ ਨੂੰ ਵਾਧੂ ਸਹਾਇਤਾ ਪ੍ਰਦਾਨ ਕਰਨ ਸਕੇ।
- ਫ਼ਾਰਮ ਕ੍ਰੈਡਿਟ ਕੈਨੇਡਾ ਰਾਹੀਂ, ਕਿਸਾਨਾਂ ਅਤੇ ਐਗਰੀ-ਫ਼ੂਡ ਸੈਕਟਰ ਦੇ ਕ੍ਰੈਡਿਟ ਨੂੰ ਸੁਧਾਰਣਾ।
- ਇਨਸ਼ੂਰਡ ਮੌਰਗੇਜ ਪਰਚਸ ਪ੍ਰੋਗਰਾਮ ਦੀ ਸ਼ੁਰੁਆਤ - ਕੈਨੇਡਾ ਮੌਰਗੇਜ ਅਤੇ ਹਾਊਸਿੰਗ ਕਾਰਪੋਰੇਸ਼ਨ (ਸੀ.ਐਮ.ਐੱਚ.ਸੀ) ਦੁਆਰਾ ̊50 ਬਿਲੀਅਨ ਬੀਮੇ ਵਾਲੇ ਮੌਰਗੇਜ ਪੂਲਾਂ ਦੀ ਖਰੀਦਦਾਰੀ ਕਰਨ ਲਈ। ਜਿਵੇਂ ਕਿ 16 ਮਾਰਚ ਨੂੰ ਐਲਾਨ ਕੀਤਾ ਗਿਆ ਸੀ, ਇਸ ਨਾਲ ਬੈਂਕਾਂ ਅਤੇ ਮੌਰਗੇਜ ਰਿਣਦਾਤਾਵਾਂ ਨੂੰ ਸਥਿਰ ਫ਼ੰਡਿੰਗ ਪ੍ਰਦਾਨ ਹੋਵੇਗੀ, ਅਤੇ ਕੈਨੇਡੀਅਨ ਕਾਰੋਬਾਰਾਂ ਅਤੇ ਕਨਜ਼ੂਮਰਜ਼ ਨੂੰ ਨਿਰੰਤਰ ਉਧਾਰ ਦੇਣ ਲਈ ਸਹਾਇਤਾ ਕਰੇਗੀ।

ਸੀ.ਐਮ.ਐੱਚ.ਸੀ ਆਪਣੇ ਮੌਰਗੇਜ ਫ਼ੰਡਿੰਗ ਪ੍ਰੋਗਰਾਮਾਂ ਦੁਆਰਾ ਤਰਲਤਾ ਅਤੇ ਵਿੱਤੀ ਬਾਜ਼ਾਰਾਂ ਦੀ ਸਥਿਰਤਾ ਨੂੰ ਅੱਗੇ

ਵਧਾਉਣ ਲਈ ਤਿਆਰ ਹੈ। ਪ੍ਰਤੀਭੂਤੀਆਂ ਦੀ ਗਰੰਟੀ ਦੇਣ ਅਤੇ ਗਿਰਵੀਨਾਮੇ ਨੂੰ ਹਰੇਕ ̊150 ਬਿਲੀਅਨ ਦੁਆਰਾ ਬੀਮਾ ਕਰਨ ਲਈ ਸੀ.ਐਮ.ਐੱਚ.ਸੀ ਦੀਆਂ ਵਿਧਾਨਕ ਸੀਮਾਵਾਂ ਨੂੰ ਵਧਾ ਕੇ ਸਰਕਾਰ ਇਹਨਾਂ ਉਪਾਵਾਂ ਨੂੰ ਸਮਰੱਥ ਕਰੇਗੀ।

ਕੈਨੇਡਾ ਦੀਆਂ ਛੇ ਵੱਡੀਆਂ ਵਿੱਤੀ ਸੰਸਥਾਵਾਂ ਨੇ ਵਿਅਕਤੀਗਤ ਅਤੇ ਛੋਟੇ ਕਾਰੋਬਾਰੀ ਬੈਂਕਿੰਗ ਗਾਹਕਾਂ ਨਾਲ ਕੇਸ-ਦਰ-ਕਾਸ ਦੇ ਅਧਾਰ 'ਤੇ ਕੰਮ ਕਰਨ ਦੀ ਵਚਨਬੱਧਤਾ ਦਿੱਤੀ ਹੈ ਤਾਂ ਜੋ ਚੁਣੌਤੀਆਂ ਦੇ ਪ੍ਰਬੰਧਨ ਵਿੱਚ ਉਹਨਾਂ ਦੀ ਸਹਾਇਤਾ ਲਈ ਲਚਕਦਾਰ ਹੱਲ ਮੁਹੱਈਆ ਕੀਤੇ ਜਾ ਸਕਣ, ਜਿਵੇਂ ਕਿ ਕੋਵਿਡ-19 ਦੇ ਕਾਰਨ ਤਨਖਾਹ ਵਿੱਚ ਵਿਘਨ, ਬੱਚਿਆਂ ਦੀ ਦੇਖਭਾਲ ਵਿੱਚ ਸਕੂਲ ਜਾਂ ਡੇਅ ਕੇਅਰ ਬੰਦ ਹੋਣ ਕਾਰਨ ਵਿਘਨ, ਜਾਂ ਜੋ ਕੋਵਿਡ-19 ਪੀੜਤ ਹਨ। ਪਹਿਲੇ ਕਦਮ ਦੇ ਤੌਰ ਤੇ, ਇਸ ਸਹਾਇਤਾ ਵਿੱਚ ਗਿਰਵੀਨਾਮੇ ਲਈ ਛੇ ਮਹੀਨੇ ਦੀ ਅਦਾਇਗੀ ਮੁਤਲਵੀ, ਅਤੇ ਹੋਰ ਕ੍ਰੈਡਿਟ ਉਤਪਾਦਾਂ 'ਤੇ ਰਾਹਤ ਦਾ ਮੌਕਾ ਸ਼ਾਮਲ ਹੋਵੇਗਾ।

ਕੈਨੇਡਾ ਸਰਕਾਰ ਵਿਕਸਿਤ ਹੋਈ ਆਰਥਿਕ ਸਥਿਤੀਆਂ ਦੀ ਨਿਗਰਾਨੀ ਕਰਦੀ ਰਹੇਗੀ ਅਤੇ ਜੇ ਜਰੂਰੀ ਹੋਏ ਤਾਂ ਵਧੇਰੇ ਰਾਹਤ ਉਪਾਵਾਂ ਦੀ ਭਾਲ ਕੀਤੀ ਜਾਏਗੀ। ਕੈਨੇਡੀਅਨਾਂ ਨੂੰ ਸਮੇਂ ਸਿਰ ਸਹਾਇਤਾ ਪ੍ਰਦਾਨ ਕਰਨ ਲਈ ਲੋੜੀਂਦੇ ਉਪਾਵਾਂ ਨੂੰ ਲਾਗੂ ਕਰਨ ਦੇ ਨਾਲ ਅੱਗੇ ਵਧਣ ਅਤੇ ਇਹ ਸੁਨਿਸ਼ਚਿਤ ਕਰਨ ਲਈ ਕਿ ਸਰਕਾਰ ਕੋਲ ਪੈਦਾ ਹੋਈਆਂ ਸੰਭਾਵਿਤ ਚੁਣੌਤੀਆਂ ਦਾ ਹੱਲ ਕਰਨ ਲਈ ਹਰ ਸਾਧਨ ਹੈ, ਸਰਕਾਰ ਵਿਸ਼ੇਸ਼ ਕਾਨੂੰਨ ਪੇਸ਼ ਕਰਨ ਅਤੇ ਸੰਸਦ ਦੀ ਮਨਜ਼ੂਰੀ ਲੈਣ ਦਾ ਇਰਾਦਾ ਰੱਖਦੀ ਹੈ। ਕੈਨੇਡਾ ਸਰਕਾਰ ਕੈਨੇਡੀਅਨਾਂ ਦੀ ਸਿਹਤ ਅਤੇ ਸੁਰੱਖਿਆ ਨੂੰ ਤਰਜੀਹ ਦੇਣ, ਆਰਥਿਕਤਾ ਨੂੰ ਸਥਿਰ ਕਰਨ ਅਤੇ ਇਸ ਮਹਾਂਮਾਰੀ ਦੇ ਆਰਥਿਕ ਪ੍ਰਭਾਵ ਨੂੰ ਘਟਾਉਣ ਲਈ ਲੋੜੀਂਦੀ ਅਗਲੇਰੀ ਕਾਰਵਾਈ ਜਾਰੀ ਰੱਖੇਗੀ।

# ਇੰਡੋ ਕੈਨੇਡੀਅਨ ਜਥੇਬੰਦੀਆਂ ਵੱਲੋਂ ਗੁਰਰਤਨ ਸਿੰਘ ਦੇ ਬਿੱਲ ਦੀ ਨਿਖੇਧੀ

...ਪੰਨਾ 1 ਦਾ ਬਾਕੀ

- ਕੈਨੇਡਾ ਇੰਡੀਆ ਫਾਊਂਡੇਸਨ
- ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ-ਐਲਿਊਮਨੀ ਕੈਨੇਡਾ
- ਕੈਨੇਡਾ ਇੰਡੀਆ ਗਲੋਬਲ ਫੋਰਮ
- ਰਾਜਸਥਾਨ ਐਸੋਸਿਏਸਨ ਆਫ ਨੌਰਥ ਅਮੈਰਿਕਾ
- ਗੁਜਾਰਾਤ ਪਬਲਿਕ ਅਫੇਅਰਜ ਕਾਉਂਸਲ ਆਫ ਕੈਨੇਡਾ
- ਤੇਲਗੂ ਕਲਚਰਲ ਐਸੋਸਿਏਸਨ ਆਫ ਗ੍ਰੇਟਰ ਟੋਰਾਂਟੋ
- ਹਿੰਦੂ ਫੈਡਰੇਸਨ
- ਬਾਪਸ ਸਵਾਮੀਨਾਰਾਇਣ ਸੰਸਥਾ-ਟੋਰਾਂਟੋ
- ਵਿਸਨੂ ਮੰਦਰ
- ਸਨਾਤਨ ਮੰਦਰ
- ਜੈਨ ਸੁਸਾਇਟੀ ਆਫ ਟੋਰਾਂਟੋ
- ਆਰਿਆ ਸਮਾਜ, ਮਿਸੀਸਾਗਾ
- ਸ੍ਰੀ ਰਾਧਾ ਕ੍ਰਿਸਣ ਟੈਂਪਲ, ਸਕਾਰਬੋਰੋ
- ਹਿੰਦੂ ਸਭਾ ਟਰਸਟੀ ਬੋਰਡ, ਬਰੈਂਪਟਨ
- ਪੀਵੀਐਸਸੀ-ਸ੍ਰੀਨਾਥਜੀ ਹਵੇਲੀ

ਇਸ ਸਾਂਝੇ ਬਿਆਨ ਵਿਚ ਆਖਿਆ ਗਿਆ ਕਿ ਇਸ ਸਮੇਂ ਅਸੀਂ ਗਲੋਬਲ ਹੈਲਥ ਕਰੋਪੀ ਦਾ ਸਾਹਮਣਾ ਕਰ ਰਹੇ ਹਾਂ ਜਿਸ ਕਾਰਨ ਹੁਣ ਤਕ 7000 ਲੋਕ ਮਾਰੇ ਜਾ ਚੁਕੇ ਹਨ। ਜਦੋਂ ਕੋਵਿਡ-19 ਤੇ ਅਰਥਚਾਰਾ ਸਾਡੀ ਤਰਜੀਹ ਹੋਣਾ ਚਾਹੀਦਾ ਹੈ ਉਸ ਸਮੇਂ ਗੁਰਰਤਨ ਸਿੰਘ ਟੈਕਸਦਾਤਾਵਾਂ ਦੇ ਡਾਲਰ ਖਾਹਮਖਾਹ ਦੇ ਮਸਲਿਆਂ ਉਤੇ ਖਰਚ ਕਰਨ ਉਤੇ ਤੁਲੇ ਹੋਏ ਹਨ।

ਇਸ ਸਾਂਝੇ ਬਿਆਨ ਵਿਚ ਇਹ ਵੀ ਆਖਿਆ ਗਿਆ ਕਿ ਜਿਹੜੀਆਂ ਸੰਸਥਾਵਾਂ ਗੁਰਰਤਨ ਸਿੰਘ ਦੇ ਬਿਲ ਦੇ ਖਿਲਾਫ ਇਕਜੁਟ ਹੋਈਆਂ ਹਨ ਉਹ ਕੈਨੇਡੀਅਨ ਕਦਰਾਂ ਕੀਮਤਾਂ ਤੇ ਸਾਂਝੀਵਾਲਤਾ ਦੀਆਂ ਹਮਾਇਤੀ ਹਨ। ਅਜਿਹੇ ਸਮਾਜ ਵਿਚ ਸਿਆਸੀ ਵਿਚਾਰਧਾਰਾਵਾਂ ਵਖ ਹੋਣੀਆਂ ਲਾਜਮੀ ਹਨ। ਪਰ ਸਾਰੀਆਂ ਸਿਆਸੀ ਪਾਰਟੀਆਂ ਨੂੰ ਲੋਕਾਂ ਨੂੰ ਇਕਜੁਟ ਕਰਨ ਵਲ ਧਿਆਨ ਦੇਣਾ ਚਾਹੀਦਾ ਹੈ ਨਾ ਕਿ ਉਨ੍ਹਾਂ ਨੂੰ ਵੰਡਣ ਵਲ।

ਕੈਨੇਡਾ ਇੰਡੀਆ ਫਾਊਂਡੇਸਨ ਦੇ ਚੇਅਰ ਅਨਿਲ ਸਾਹ ਨੇ ਆਖਿਆ ਕਿ ਗੁਰਰਤਨ ਸਿੰਘ ਸਿਰਫ ਸਿਆਸੀ ਲਾਹਾ ਲੈਣ ਲਈ ਇਹ ਸਭ ਕਰ ਰਹੇ ਹਨ। 1984 ਵਿਚ ਹੋਏ ਸਿਖ ਵਿਰੋਧੀ ਦੰਗੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਸਿਖ ਗਾਰਡਾਂ ਵਲੋਂ ਉਨ੍ਹਾਂ ਦੇ ਕੀਤੇ ਕਤਲ ਤੋਂ ਬਾਅਦ ਪੈਦਾ ਹੋਏ ਹਾਲਾਤ ਕਾਰਨ ਹੋਏ ਸਨ, ਜੋ ਕਿ ਬਹੁਤ ਨੀਚ ਹਰਕਤ ਸੀ। ਸਾਰੇ ਭਾਰਤੀਆਂ ਵਲੋਂ ਇਸ ਦੀ ਨਿਖੇਧੀ ਕੀਤੀ ਗਈ।

ਕੈਨੇਡਾ ਇੰਡੀਆ ਫਾਊਂਡੇਸਨ ਦੇ ਨੈਸਨਲ ਕਨਵੀਨਰ ਸਤੀਸ ਠਕਰ ਨੇ ਆਖਿਆ ਕਿ ਭਾਰਤੀਆਂ ਤੇ ਭਾਰਤੀ ਮੂਲ ਦੇ ਵਿਦੇਸਾਂ ਵਿਚ ਰਹਿ ਰਹੇ ਲੋਕਾਂ ਨੇ ਇਸ ਤ੍ਰਾਸਦੀ ਦੇ ਜਖਮਾਂ ਉਤੇ ਮਲ੍ਹਮ ਲਾਉਣ ਲਈ ਰਲ ਕੇ ਕੰਮ ਕੀਤਾ ਹੈ। ਇਸ ਲਈ ਅਜਿਹੀਆਂ ਤ੍ਰਾਸਦੀਆਂ ਨੂੰ ਭੁਲਾਉਣ ਲਈ ਸਾਂਤੀ ਤੇ ਸੁਲ੍ਹਾ ਦਾ ਮਲ੍ਹਮ ਲਾਉਣਾ ਜਰੂਰੀ ਹੈ ਨਾ ਕਿ ਸਿਆਸੀ ਲਾਹੇ ਲਈ ਇਨ੍ਹਾਂ ਜਖਮਾਂ ਨੂੰ ਉਚੇਟਦੇ ਰਹਿਣਾ ਚਾਹੀਦਾ ਹੈ।

ਅਜਿਹੇ ਵਿਚਾਰ ਹੀ ਪੰਕਜ ਦੇਵ, ਅਸਰਫ ਅਲੀ, ਵਿਪਨ ਸਰਮਾ, ਮਹਿੰਦਰਾ ਭੰਡਾਰੀ, ਸੂਰਿਆ ਬੇਜਾਵਾਦਾ, ਧਵਲ ਵੈਦਿਆ, ਪੰਡਤ ਰੂਪਨਾਥ, ਚੰਦਰਕਾਂਤ ਸਚਦੇਵ, ਡਾ. ਬੁਧੇਂਦਰਨਾਥ ਦੂਬੇ,ਹਰਸ ਮਹਿਤਾ,ਅਰਮ ਬਾਤਿਸ, ਕੁਲਦੀਪ ਗੁਪਤਾ ਤੇ ਅਜੀਤ ਸੋਮੇਸਵਰ ਨੇ ਪ੍ਰਗਟਾਏ।



















# ਕਹਾਣੀ

## ਬਾਬੂ

-ਮੁਹੰਮਦ ਇਮਤਿਆਜ਼-

ਕਨ੍ਹੱਈਏ ਨੂੰ ਉਸ ਨੇ ਕਾਰ ਦੀ ਪਿਛਲੀ ਸੀਟ 'ਤੇ ਲਿਟਾਇਆ ਤੇ ਇੱਕ ਵਾਰ ਫਿਰ ਪੁੱਛਿਆ, ''ਠੀਕ ਐਂ?''

''ਹਾਂ ਜੀ!'' ਤੇ ਉਹ ਕਾਰਖਾਨੇ ਵੱਲ ਚੱਲ ਪਏ।

ਵਿੱਕੀ ਨੇ ਭਾਵੇਂ ਪੱਕੇ ਤੌਰ 'ਤੇ ਫੈਕਟਰੀ ਆਉਣਾ ਸ਼ੁਰੂ ਕਰ ਦਿੱਤਾ ਸੀ, ਪਰ ਉਥੋਂ ਦੇ ਮਜ਼ਦੂਰ ਹਾਲੀਂ ਵੀ ਉਸ ਨੂੰ 'ਬਾਬੂ ਜੀ' ਨਹੀਂ ਸਨ ਕਹਿੰਦੇ, ਸਗੋਂ 'ਕਾਕਾ ਜੀ' ਕਹਿ ਕੇ ਹੀ ਬੁਲਾਉਂਦੇ ਸਨ, ਵੱਧ ਤੋਂ ਵੱਧ ਵਿੱਕੀ ਜੀ ਕਹਿ ਦਿੰਦੇ ਸਨ। ਪੁਰਾਣੇ ਮਜ਼ਦੂਰ ਉਸ ਨੂੰ ਸਿਰਫ਼ ਵਿੱਕੀ ਕਹਿ ਕੇ ਬੁਲਾਉਂਦੇ ਸਨ।

''ਚੰਗਾ ਹੁੰਦਾ, ਜੇ ਅੱਜ ਡੈਡੀ ਬਾਹਰ ਨਾ ਜਾਂਦੇ! ਸਾਰਾ ਕੁਸ਼ ਉਨ੍ਹਾਂ ਨੇ ਆਪੇ ਸਾਂਭ ਲੈਣਾ ਸੀ!'' ਵਿੱਕੀ ਦਾ ਮਨ ਆਪਣੇ ਬਾਪ ਪ੍ਰਤੀ ਗਿਲਾਨੀ ਨਾਲ ਭਰ ਗਿਆ, ''ਇੱਕ ਮਜ਼ਦੂਰ ਵਿਚਾਰਾ ਦਰਦ ਨਾਲ ਮਰਦਾ ਜਾ ਰਿਹਾ ਸੀ ਤੇ ਇਹ ਫੋਨ 'ਤੇ ਕਹਿ ਰਹੇ ਸੀ 'ਕੋਈ ਦਰਦ ਆਲੀ ਗੋਲੀ ਦੇ-ਦੇ.. ਤੇ ਏਹਨੂੰ ਕੰਮ 'ਤੇ ਲਾਂ!''

''ਚੰਗਾ ਹੁੰਦਾ ਜੇ ਮੈਂ ਫੋਟੋਗ੍ਰਾਫ਼ੀ ਈ ਕਰਦਾ ਰਹਿੰਦਾ...,'' ਵਿੱਕੀ ਪਿਛਲੇ ਦਿਨਾਂ 'ਚ ਗੁਆਚ ਗਿਆ।

ਬੀ ਏ ਤੋਂ ਬਾਅਦ ਜਦੋਂ ਉਸ ਨੇ ਜਰਨਲਿਜ਼ਮ ਕਰਨ ਬਾਰੇ ਡੈਡੀ ਨੂੰ ਦੱਸਿਆ ਸੀ ਤਾਂ ਉਨ੍ਹਾਂ ਨੇ ਕਿਹਾ ਸੀ, ''ਅੱਛਾ! ਤੂੰ ਪੱਤਰਕਾਰ ਬਣੇਂਗਾ!'' ਤਨਜ਼ ਨਾ ਸਮਝਦਿਆਂ ਵਿੱਕੀ ਨੇ ਹਾਂ ਵਿੱਚ ਸਿਰ ਹਿਲਾਇਆ ਸੀ, ''ਡੈਡੀ, ਮੈਂ ਅਸਲ 'ਚ ਕੁਝ ਕ੍ਰਿਏਟਿਵ ਕੰਮ ਕਰਨਾ ਚਾਹੁੰਦਾ ਹਾਂ!''

''..ਪੱਤਰਕਾਰ! ਜਿਹੜੇ ਹਜ਼ਾਰ ਰੁਪਏ ਪਿੱਛੇ ਕੋਈ ਵੀ ਖ਼ਬਰ ਬਣਾ ਦੇਂਦੇ ਨੇ!'' ਵਿੱਕੀ ਨੂੰ ਉਨ੍ਹਾਂ ਦੇ ਕਹਿਣ ਦਾ ਭਾਵ ਸਮਝ ਆਇਆ ਸੀ, ਪਰ ਵਿੱਕੀ ਨੇ ਆਪਣੀ ਜ਼ਿੱਦ ਪੁਗਾ ਲਈ ਸੀ।

ਮੰਮੀ ਨੇ ਡੈਡੀ ਨੂੰ ਸਮਝਾਉਂਦਿਆਂ ਕਿਹਾ, ''ਥੋਡਾ ਕੀ ਜਾਂਦੈ, ਜੇ ਮੁੰਡਾ ਚਾਰ ਦਿਨ ਯੂਨੀਵਰਸਿਟੀ 'ਚ ਘੁੰਮ-ਫਿਰ ਲਊ! ਆਹੀ ਉਮਰ ਐਂ.. ਮੁੜ ਕੇ ਤਾਂ ਬੰਦੇ 'ਤੇ ਕਬੀਲਦਾਰੀ ਦੇ ਬੋਝ ਪੈ ਜਾਂਦੇ ਨੇ!''

ਉਦੋਂ ਵਿੱਕੀ ਨੇ ਸੋਚ ਲਿਆ ਕਿ ਉਹ ਫੋਟੋ ਜਨਰਲਿਸਟ ਬਣੇਗਾ। ਜਦੋਂ ਕਲਾਸ 'ਚੋਂ ਕੋਈ ਉਸਨੂੰ ਪੁੱਛਦਾ ਤਾਂ ਉਹ ਜਵਾਬ ਦਿੰਦਾ, ''ਫੋਟੋਗ੍ਰਾਫੀ 'ਚ ਕ੍ਰਿਏਟੀਵਿਟੀ ਬਹੁਤ ਐ! ਨਾਲੇ ਵੱਖ ਤਰ੍ਹਾਂ ਦਾ ਕੰਮ ਐ, ਮੈਂ ਹੋਰਨਾਂ ਵਾਂਗ ਸਬ-ਐਡੀਟਰ ਜਾਂ ਰਿਪੋਰਟਰ ਨ੍ਹੀਂ ਬਣਨਾ ਚਾਹੁੰਦਾ!''

ਕੋਰਸ ਪੂਰਾ ਹੋਣ ਤੋਂ ਬਾਅਦ ਨੌਕਰੀ ਲੱਭਣਾ ਉਸ ਲਈ ਸਿਰਦਰਦੀ ਬਣ ਗਿਆ ਸੀ।

ਪਹਿਲਾਂ ਤਾਂ ਕੋਈ ਅਖ਼ਬਾਰ ਉਸ ਨੂੰ ਤਨਖ਼ਾਹ ਦੇਣ ਨੂੰ ਤਿਆਰ ਨਹੀਂ ਸੀ। ''ਤਿੰਨ ਮਹੀਨੇ ਟ੍ਰੇਨਿੰਗ ਤੋਂ ਬਾਅਦ ਤੈਨੂੰ ਅੱਧੀ ਤਨਖ਼ਾਹ ਮਿਲੇਗੀ। ਪੂਰੀ ਤਨਖ਼ਾਹ ਛੇ ਮਹੀਨੇ ਬਾਅਦ ਟ੍ਰੇਨਿੰਗ ਪੂਰੀ ਹੋਣ 'ਤੇ।'' ਜੇ ਕੋਈ ਅਖ਼ਬਾਰ ਸ਼ੁਰੂ 'ਚ ਤਨਖ਼ਾਹ ਦੇਣ ਲਈ ਤਿਆਰ ਵੀ ਹੋਇਆ ਤਾਂ ਇੰਨੀ ਘੱਟ ਕਿ ਉਸ ਤੋਂ ਕਿਤੇ ਜ਼ਿਆਦਾ ਤਾਂ ਉਹ ਡੈਡੀ ਤੋਂ ਜੇਬ ਖ਼ਰਚ ਲੈ ਆਇਆ ਕਰਦਾ ਸੀ। 'ਕਿਤਾਬਾਂ ਦੀਆਂ ਆਦਰਸ਼ਵਾਦੀ ਗੱਲਾਂ ਤੋਂ ਕਿੰਨੀ ਵੱਖਰੀ ਐ ਇਹ ਦੁਨੀਆ!' ਉਹ ਅਕਸਰ ਸੋਚਦਾ।

ਆਖ਼ਰ ਉਸ ਦੇ ਇੱਕ ਸੀਨੀਅਰ ਦੇ ਰੈਫਰੈਂਸ 'ਤੇ ਉਸ ਨੂੰ ਇੱਕ ਨਾਮਵਰ ਅਖ਼ਬਾਰ 'ਚ ਫੋਟੋ ਜਨਰਲਿਸਟ ਦੀ ਨੌਕਰੀ ਮਿਲ ਗਈ। ਸ਼ੁਰੂਆਤੀ ਦਿਨ ਉਸ ਦੇ ਖ਼ੁਸ਼ੀ ਨਾਲ ਲੰਘੇ, ਪਰ ਕੁਝ ਦਿਨਾਂ ਬਾਅਦ ਜਿਵੇਂ ਉਸ ਨੌਕਰੀ ਦੀ 'ਅਸਲੀਅਤ' ਉਸ ਦੇ ਸਾਹਮਣੇ ਆਉਣੀ ਸ਼ੁਰੂ ਹੋ ਗਈ।

ਇਹ ਕੰਮ ਹਾਲੇ ਉਹ ਪੂਰਾ ਕਰ ਰਿਹਾ ਹੁੰਦਾ ਕਿ ਉਸ ਨੂੰ ਚੀਫ ਫੋਟੋਗ੍ਰਾਫਰ ਦਾ ਫੋਨ ਆ ਜਾਂਦਾ, ''ਹਾਲੇ ਪਹਿਲੀ ਅਸਾਈਨਮੈਂਟ ਈ ਪੂਰੀ ਨ੍ਹੀਂ ਹੋਈ ਤੇਰੀ!.. ਉਧਰ ਰੈਲੀ ਸ਼ੁਰੂ ਹੋ ਚੁੱਕੀ ਐ!'' ''ਜਲਦੀ-ਜਲਦੀ ਦੋ-ਚਾਰ ਸ਼ੌਟਸ ਲੈ-ਲੈ!'' ''ਵਿੱਕੀ ਤੂੰ ਟਾਈਮ ਬਹੁਤ ਖ਼ਰਾਬ ਕਰਦੈਂ! ..ਕੌਰੈਸਪੌਂਡੈਂਟ ਉਡੀਕੀ ਜਾਂਦੈ ਪ੍ਰੈਸ ਕਾਨਫਰੰਸ 'ਚ ਤੈਨੂੰ।'' ''ਤੂੰ ਮਰਡਰ ਵਾਲੇ ਸਪੌਟ 'ਤੇ ਨ੍ਹੀਂ ਪਹੁੰਚਿਆ ਹਾਲੀਂ..?''

ਇੱਕ ਲਾਸ਼ ਦੀਆਂ ਫੋਟੋਆਂ ਖਿੱਚਦਿਆਂ ਉਸ ਨੇ ਦੂਜੇ ਅਖ਼ਬਾਰ ਦੇ ਫੋਟੋਗ੍ਰਾਫਰ ਨੂੰ ਮ੍ਰਿਤਕ ਦੇ ਰੋਂਦੇ ਹੋਏ ਬਾਪ ਨੂੰ ਜਦੋਂ ਇਹ ਕਹਿੰਦਿਆਂ ਸੁਣਿਆ, ''ਬਾਬਾ ਜੀ! ਚਿਹਰਾ ਜ਼ਰਾ ਏਧਰ ਘੁਮਾਇਉ!'' ਤਾਂ ਲਹੂ ਨਾਲ ਲਥਪਥ ਲਾਸ਼ ਨੂੰ ਵੇਖ ਕੇ ਪੈਦਾ ਹੋਈ ਜੋ ਗਿਲਾਨੀ ਵਿੱਕੀ ਨੇ ਦਬਾ ਰੱਖੀ ਸੀ, ਉਹ ਬਾਹਰ ਆ ਗਈ। ਉਸੇ ਦਿਨ ਉਸ ਨੇ ਚੀਫ ਫੋਟੋਗ੍ਰਾਫ਼ਰ ਅੱਗੇ ਕੈਮਰਾ ਰੱਖ ਦਿੱਤਾ ਸੀ, ''ਸਰ, ਮੈਥੋਂ ਨ੍ਹੀਂ ਏਹ ਕੰਮ ਹੁੰਦਾ!''

''ਵਿੱਕੀ, ਸ਼ੁਰੂ ਵਿੱਚ ਮੈਂ ਵੀ ਤੇਰੇ ਵਾਂਗ ਈ ਹੁੰਦਾ ਸੀ.. ਹੌਲੀ-ਹੌਲੀ ਆਦਤ ਹੋ ਜਾਊ। ਤੂੰ ਘਬਰਾ ਨਾ!'' ਚੀਫ ਫੋਟੋਗ੍ਰਾਫ਼ਰ ਨੇ ਉਸ ਨੂੰ ਸਮਝਾਇਆ ਸੀ।

ਸਿਟੀ ਐਡੀਟਰ ਨੇ ਵੀ ਕਿਹਾ, ''ਬੇਟਾ! ਇਹ ਸਭ ਕੰਮ ਦਾ ਹਿੱਸਾ ਏ! ਤੂੰ ਕੁਝ ਦਿਨ ਛੁੱਟੀ ਲੈ ਕੇ ਘਰ ਜਾ ਆ, ਮਨ ਠੀਕ ਹੋ ਜਾਊ!!''

ਛੁੱਟੀ ਆਇਆ ਵਿੱਕੀ ਵਾਪਸ ਨਹੀਂ ਗਿਆ। ਨਾ ਉਸ ਨੇ ਦਫ਼ਤਰੋਂ ਆਏ ਫੋਨਾਂ ਦਾ ਕੋਈ ਜਵਾਬ ਦਿੱਤਾ।

ਮੰਮੀ ਦੇ ਕਹਿਣ 'ਤੇ ਜਦੋਂ ਵਿੱਕੀ ਡੈਡੀ ਨਾਲ ਗੱਲ ਕਰਨ ਲਈ ਫੈਕਟਰੀ ਆਇਆ ਤਾਂ ਕੁਰਸੀ 'ਤੇ ਬੈਠਿਆਂ ਉਹ ਮੁਸਕਰਾਏ ਸਨ। ਵਿੱਕੀ ਨੂੰ ਲੱਗਿਆ ਸੀ, ਜਿਵੇਂ ਕਹਿ ਰਹੇ ਹੋਣ, ''ਦੇਖਿਆ! ਆ ਗਿਆ ਨਾ ਓਸੇ ਥਾਂ 'ਤੇ ਵਾਪਸ!.. ਤੇਰੇ ਬਾਪ ਨੇ ਆਪਣੇ ਵਾਲ ਧੁੱਪੇ ਚਿੱਟੇ ਨ੍ਹੀਂ ਕੀਤੇ!''

ਉਨ੍ਹਾਂ ਨੇ ਤਾਂ ਅੱਜ ਵੀ ਉਸ ਨੂੰ ਇਹੋ ਕਹਿਣਾ ਸੀ, ''ਵਿੱਕੀ, ਤੂੰ ਬਿਜ਼ਨਸ ਕਰਨਾ ਕਦੋਂ ਸਿੱਖੇਂਗਾ?''

ਇੱਕ ਵਾਰ ਜਦੋਂ ਡੈਡੀ ਨੇ ਉਸ ਨੂੰ ਫੈਕਟਰੀ ਲਈ ਖਰੀਦੇ ਕੁਝ ਸੰਦ ਏਜੰਟ ਨੂੰ ਵਾਪਸ ਕਰਨ ਲਈ ਕਿਹਾ ਤਾਂ ਉਹ ਝਿਜਕਿਆ ਸੀ। ਡੈਡੀ ਨੇ ਉਸ ਨੂੰ ਸਮਝਾਇਆ ਸੀ, ''ਸਾਥੋਂ ਲੋਕ ਮਾਲ ਲਿਜਾ ਕੇ, ਕਈ-ਕਈ ਦਿਨ ਰੱਖ ਕੇ ਫਿਰ ਵਾਪਸ ਕਰ ਜਾਂਦੇ ਨੇ, ਅਖੇ-ਏਨੇ ਦੀ ਲੋੜ ਨ੍ਹੀਂ!'' ਪਰ ਵਿੱਕੀ ਨੂੰ ਚਿੰਤਾ ਇਸ ਗੱਲ ਦੀ ਸੀ ਕਿ ਜਦੋਂ ਏਜੰਟ ਨੇ ਵਾਪਸ ਕੀਤੇ ਮਾਲ ਨੂੰ ਵੇਖ ਕੇ ਮੂੰਹ ਵਿੱਚ ਬੁੜ-ਬੁੜ ਕਰਨੀ ਸੀ ਤਾਂ ਉਸ ਨੂੰ ਬਹੁਤ ਭੈੜਾ ਮਹਿਸੂਸ ਹੋਣਾ ਸੀ। ਇਹ ਵਿੱਕੀ ਦੇ ਵੱਸੋਂ-ਬਾਹਰਾ ਸੀ ਕਿ ਉਹ ਖ਼ਰੀਦਦਾਰੀ ਵੇਲੇ ਰੇਟ ਘਟਵਾ ਸਕੇ। ਨਾ ਉਹ ਅਸਲ ਰਕਮ ਤੋਂ ਘੱਟ ਜਾਂ ਵੱਧ ਬਿਲ ਬਣਾ ਸਕਦਾ ਸੀ ਤੇ ਨਾ ਉਹ ਟੈਲੀਫੋਨ 'ਤੇ ਝੂਠ ਬੋਲ ਸਕਦਾ ਸੀ, ''ਹਾਲੀਂ ਬਹੁਤ ਟਾਈਟ ਹੋਏ ਪਏ ਆਂ। ਜਨਾਬ! ਆਉਂਦੀ ਪਹਿਲੀ ਨੂੰ ਥੋਡੀ ਪੇਮੈਂਟ ਪੱਕੀ!.. ਮੈਂ ਕਿਹਾ ਜੀ, ਮੈਂ ਆਪ ਫੜਾ ਕੇ ਜਾਊਂ ਥੋਨੂੰ!''

ਸਪੀਡ-ਬ੍ਰੇਕਰ ਦੇ ਹਲੌਰੇ ਨਾਲ ਕਨ੍ਹੱਈਏ ਦੇ ਕਰਾਹੁਣ ਦੀ ਆਵਾਜ਼ ਆਈ ਤਾਂ ਵਿੱਕੀ ਨੇ ਪਿੱਛੇ ਵੱਲ ਸਿਰ ਘੁਮਾਇਆ, ''ਹਾਲੀਂ ਵੀ ਦਰਦ ਹੋ ਰਿਹੈ?''

''ਪਹਿਲੇ ਸੇ ਤੋਂ ਘੱਟ ਹੈ, ਵਿੱਕੀ ਬਾਬੂ!.. ਦੂਸਰੀ ਗੋਲੀ ਲੈ ਕੇ ਕਾਮ ਜੋਗਾ ਹੋ ਜਾਊਂਗਾ, ਬਾਬੂ ਜੀ!'' ਇਹ ਸ਼ਬਦ ਵਿੱਕੀ ਅੰਦਰ ਝੁਣਝੁਣੀ ਛੇੜ ਗਏ।

''ਕੋਈ ਗੱਲ ਨ੍ਹੀਂ! ਪਹਿਲਾਂ ਦਰਦ ਠੀਕ ਹੋ-ਜੇ!..ਥੋੜ੍ਹੀ ਦੇਰ ਆਰਾਮ ਕਰ ਲੀਂ ਪਹਿਲਾਂ!''

''ਬੜੇ ਬਾਬੂ ਜੀ ਬੋਲੇਂਗੇ..!''

''ਬੋਲਦੇ ਰਹਿਣ! ਕਹਿ ਦੇਈਂ, ਵਿੱਕੀ ਬਾਬੂ ਜੀ ਨੇ ਮਨ੍ਹਾ ਕੀਤੈ ਕੰਮ ਕਰਨ ਤੋਂ!''

# ਨੈਤਿਕ ਤੌਰ ਉੱਤੇ ਕਮਜ਼ੋਰ ਗਵਰਨਰ ਅਤੇ ਸਪੀਕਰ

-ਐੱਨ ਕੇ ਸਿੰਘ-

ਭਾਰਤ ਦੀ ਸੰਵਿਧਾਨ ਸਭਾ ਦੀ ਪਹਿਲੀ ਮੀਟਿੰਗ ਵਿੱਚ ਹੀ ਚੇਅਰਮੈਨ ਸਚਿਦਾਨੰਦ ਸਿਨਹਾ ਨੇ ਦੁਨੀਆ ਦੇ ਮਸ਼ਹੂਰ ਕਾਨੂੰਨਦਾਨ ਜਸਟਿਸ ਜੋਸੇਫ ਸਟੋਰੀ ਦੀ ਇਸ ਟੂਕ ਦਾ ਹਵਾਲਾ ਦਿੱਤਾ ਸੀ: 'ਸੰਵਿਧਾਨ ਦੀ ਸ਼ਾਨਦਾਰ ਇਮਾਰਤ ਸਿਰਫ ਇੱਕ ਘੰਟੇ ਵਿੱਚ ਢਹਿ ਸਕਦੀ ਹੈ, ਜੇ ਇਸ ਦੇ ਰਖਵਾਲੇ ਗੈਰ ਜ਼ਿੰਮੇਵਾਰ, ਭ੍ਰਿਸ਼ਟ ਅਤੇ ਬੇਵਕੂਫ ਹੋਣ।' ਪਾਰਲੀਮੈਂਟਰੀ ਪ੍ਰਣਾਲੀ 'ਚ ਇਹ ਮੰਨਿਆ ਜਾਂਦਾ ਹੈ ਕਿ ਜਿਸ ਦਿਨ ਤੋਂ ਕੋਈ ਪਾਰਲੀਮੈਂਟ ਮੈਂਬਰ ਜਾਂ ਵਿਧਾਇਕ ਸਪੀਕਰ ਦੇ ਅਹੁਦੇ ਦੀ ਸਹੁੰ ਚੁੱਕੇਗਾ, ਉਸੇ ਦਿਨ ਤੋਂ ਆਪਣੀ ਪਾਰਟੀ ਪ੍ਰਤੀ ਵਚਨਬੱਧਤਾ ਛੱਡ ਕੇ ਨਿਰਪੱਖਤਾ ਨਾਲ ਕੰਮ ਕਰੇਗਾ, ਪਰ ਪਿਛਲੇ ਸੱਤਰ ਸਾਲਾਂ 'ਚ ਅਜਿਹੇ ਜਜ਼ਬੇ ਨਾ ਕਿਸੇ ਗਵਰਨਰ 'ਚ ਨਜ਼ਰ ਆਏ ਤੇ ਨਾ ਸਪੀਕਰਾਂ 'ਚ। ਮੱਧ ਪ੍ਰਦੇਸ਼ 'ਚ 25 ਮਾਰਚ ਤੱਕ ਕੋਰੋਨਾ ਨੇ ਕਮਲਨਾਥ ਦੀ ਸਰਕਾਰ ਬਚਾ ਲਈ ਅਤੇ 'ਕਮਲ' ਖਿੜਦਾ ਰਹਿ ਗਿਆ। ਗਵਰਨਰ ਦੀ ਸਮੱਸਿਆ ਇਹ ਸੀ ਕਿ ਜਿਸ ਸਰਕਾਰ ਨੂੰ ਉਹ ਸਿਰਫ 12 ਘੰਟੇ ਪਹਿਲਾਂ ਸਦਨ ਵਿੱਚ ਬਹੁਮਤ ਸਾਬਤ ਕਰਨ ਦਾ ਸੁਨੇਹਾ ਦੇ ਚੁੱਕੇ ਹਨ, ਉਸੇ ਸਰਕਾਰ ਵੱਲੋਂ ਲਿਖੇ ਭਾਸ਼ਣ, ਜਿਸ ਵਿੱਚ ਰਵਾਇਤੀ ਤੌਰ 'ਤੇ ਵਾਰ-ਵਾਰ 'ਸਾਡੀ ਸਰਕਾਰ' ਦਾ ਜੁਮਲਾ ਆਉਂਦਾ ਹੈ, ਕਿਵੇਂ ਬੋਲਣ। ਇਸੇ ਕਾਰਨ ਉਨ੍ਹਾਂ ਨੇ ਚੰਦ ਕੁ ਸ਼ਬਦਾਂ ਵਿੱਚ ਜਿਹੜੇ 'ਸੰਦੇਸ਼ਾਤਮਕ ਵਧੇਰੇ ਸਨ' ਆਖੇ ਅਤੇ ਚਲੇ ਗਏ। ਉਨ੍ਹਾਂ ਦੇ ਜਾਂਦਿਆਂ ਹੀ ਸਪੀਕਰ ਨੇ ਕੋਰੋਨਾ ਦੇ ਖਤਰੇ ਦੇ ਨਾਂਅ 'ਤੇ ਸਦਨ ਦੀ ਕਾਰਵਾਈ 10 ਦਿਨਾਂ ਲਈ ਟਾਲ ਦਿੱਤੀ।

ਪਿਛਲੇ ਸਮੇਂ ਵਿੱਚ ਇੱਕ ਨਵਾਂ ਰੁਝਾਨ ਦੇਖਣ ਨੂੰ ਆ ਰਿਹਾ ਹੈ। ਵਿਧਾਇਕ ਦਲ ਬਦਲੀ ਤੋਂ ਪਹਿਲਾਂ ਮੈਂਬਰੀ ਤੋਂ ਅਸਤੀਫਾ ਦੇ ਰਹੇ ਹਨ। ਮੱਧ ਪ੍ਰਦੇਸ਼ ਵਿੱਚ ਕਾਂਗਰਸੀ ਵਿਧਾਇਕਾਂ ਨੇ ਅਜਿਹਾ ਕੀਤਾ ਹੈ, ਜਦ ਕਿ ਕਰਨਾਟਕ 'ਚ ਕਾਂਗਰਸ ਤੋਂ ਅਸਤੀਫਾ ਦੇਣ ਪਿੱਛੋਂ ਉਨ੍ਹਾਂ ਨੇ ਨਵੀਂ ਪਾਰਟੀ ਯਾਨੀ 'ਭਾਰਤੀ ਜਨਤਾ ਪਾਰਟੀ' (ਭਾਜਪਾ) ਦੀ ਟਿਕਟ ਉੱਤੇ ਚੋਣ ਲੜੀ ਅਤੇ ਉਨ੍ਹਾਂ 11 'ਚੋਂ 10 ਨੂੰ ਫੌਰੀ ਤੌਰ 'ਤੇ ਮੰਤਰੀ ਬਣਾਇਆ ਗਿਆ ਸੀ। ਅਰੁਣਾਚਲ ਪ੍ਰਦੇਸ਼ 'ਚ ਵੀ ਇਹੋ ਹੋਇਆ। ਘਟਨਾਵਾਂ ਦੇ ਤਾਜ਼ਾ ਸਿਲਸਿਲੇ 'ਚ ਗੁਜਰਾਤ ਵਿੱਚ ਵੀ ਕਾਂਗਰਸ ਦੇ ਵਿਧਾਇਕ ਰਾਜ ਸਭਾ ਚੋਣਾਂ ਤੋਂ ਐਨ ਪਹਿਲਾਂ ਪਾਸਾ ਬਦਲਣ ਲਈ ਅਸਤੀਫਾ ਦੇ ਰਹੇ ਹਨ। ਜ਼ਾਹਿਰ ਹੈ ਕਿ ਨਵੀਂ ਪਾਰਟੀ ਉਨ੍ਹਾਂ ਨੂੰ 'ਅਹੁਦਿਆਂ' ਦੀ 'ਪੇਸ਼ਕਸ਼' ਨਾਲ ਨਵਾਜ ਰਹੀ ਹੋਵੇਗੀ, ਨਹੀਂ ਤਾਂ ਵਿਚਾਰਧਾਰਾ ਪ੍ਰਤੀ ਅਖੌਤੀ ਵਚਨਬੱਧਤਾ 'ਰਾਤੋ-ਰਾਤ' ਬਦਲਣਾ ਅਤੇ ਉਹ ਵੀ ਚੋਣਾਂ ਦੇ ਵਕਤ ਸਮਝ ਨਹੀਂ ਆਉਂਦਾ। ਕੁਝ ਸਮਾਂ ਪਹਿਲਾਂ ਮਣੀਪੁਰ ਦੇ ਇੱਕ ਕਾਂਗਰਸੀ ਵਿਧਾਇਕ ਦਲ ਬਦਲੀ ਕਰ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਏ ਅਤੇ ਉਨ੍ਹਾਂ ਨੂੰ ਫੌਰੀ ਤੌਰ 'ਤੇ ਮੰਤਰੀ ਬਣਾ ਦਿੱਤਾ ਗਿਆ, ਜਦ ਕਿ ਉਨ੍ਹਾਂ ਨੂੰ ਦਲ ਬਦਲੀ ਬਾਰੇ ਕਾਨੂੰਨ ਦੀ ਉਲੰਘਣਾ ਕੀਤੀ ਸੀ ਅਤੇ ਸਪੀਕਰ ਵੱਲੋਂ ਉਨ੍ਹਾਂ ਦੀ ਮੈਂਬਰੀ ਖਤਮ ਕੀਤੀ ਜਾਣੀ ਸੀ, ਪਰ ਸਪੀਕਰ ਨੇ ਇਸ ਮੁੱਦੇ ਬਾਰੇ ਕੋਈ ਫੈਸਲਾ ਨਹੀਂ ਦਿੱਤਾ ਅਤੇ ਉਹ ਵਿਧਾਇਕ ਮੰਤਰੀ ਬਣਿਆ ਰਿਹਾ।

ਭਾਰਤ ਦੇ ਸੰਵਿਧਾਨ ਘਾੜਿਆਂ ਨੂੰ ਚਿੱਤ-ਚੇਤਾ ਵੀ ਨਹੀਂ ਹੋਵੇਗਾ ਕਿ ਸੱਤ ਦਹਾਕਿਆਂ ਬਾਅਦ ਭਾਰਤ 'ਚ ਰਾਜਸੀ ਜਮਾਤ ਦੀ ਨੈਤਿਕ ਸਥਿਤੀ ਕਿੱਥੋਂ ਤੱਕ ਡਿੱਗ ਜਾਵੇਗੀ ਤੇ ਕਿਵੇਂ ਚੁਣੇ ਹੋਏ 'ਪਤਵੰਤਿਆਂ' ਨੂੰ 'ਸੁਰੱਖਿਅਤ' ਆਪਣੀ ਪਾਰਟੀ ਦੀਆਂ ਸਰਕਾਰਾਂ ਵਾਲੇ ਸੂਬਿਆਂ ਦੇ ਮਹਿੰਗੇ ਰਿਜ਼ਾਰਟਾਂ (ਅਤੇ ਪੰਜ ਤਾਰਾ ਹੋਟਲਾਂ) ਵਿੱਚ 'ਲੁਕੋ ਦਿੱਤਾ ਜਾਵੇਗਾ', ਸਿਰਫ ਇਸ ਡਰ ਨਾਲ ਕਿ ਦੂਜੀ ਪਾਰਟੀ ਕਿਸੇ ਜਾਨਵਰ ਵਾਂਗ 'ਪੈਸੇ ਦੀ ਬੋਲੀ ਜਾਂ ਅਹੁਦੇ' ਦੇ ਕੇ ਉਨ੍ਹਾਂ ਦਾ 'ਸ਼ਿਕਾਰ' ਨਾ ਕਰੇ। ਸੰਵਿਧਾਨ ਦੀ ਧਾਰਾ 175 (2) ਵਿੱਚ ਸਾਫ ਕਿਹਾ ਗਿਆ ਹੈ ਕਿ ਗਵਰਨਰ ਦੇ ਸੰਦੇਸ਼ 'ਤੇ ਸਦਨ 'ਸਹੂਲਤ ਮੁਤਾਬਕ ਛੇਤੀ ਤੋਂ ਛੇਤੀ' ਵਿਚਾਰ ਕਰੇਗਾ। ਇਹ ਸਪੀਕਰ 'ਤੇ ਨਿਰਭਰ ਕਰਦਾ ਹੈ ਕਿ 'ਸਹੂਲਤ ਮੁਤਾਬਕ' ਕੋਰੋਨਾ ਦਾ ਸੰਕਟ ਪ੍ਰਵਾਨ ਯੋਗ ਹੈ ਜਾਂ ਨਹੀਂ ਅਤੇ 'ਛੇਤੀ ਤੋਂ ਛੇਤੀ' ਦੀ ਉਨ੍ਹਾਂ ਦੀ ਪਰਿਭਾਸ਼ਾ ਕੀ ਹੈ। ਮੱਧ ਪ੍ਰਦੇਸ਼ ਰਾਜਸੀ ਸੰਕਟ ਨੂੰ ਇਸੇ ਪਰਿਪੇਖ ਵਿੱਚ ਦੇਖਣਾ ਹੋਵੇਗਾ।

ਸੰਵਿਧਾਨ ਵਿੱਚ ਇੱਕ ਹੋਰ ਵੱਡੀ ਖਾਮੀ ਹੈ। ਧਾਰਾ 192 ਹੇਠ ਕਿਸੇ ਵੀ ਮੈਂਬਰ ਨੂੰ ਅਯੋਗ ਐਲਾਨਣ ਦਾ ਅਧਿਕਾਰ ਗਵਰਨਰ ਨੂੰ ਹੁੰਦਾ ਹੈ, ਪਰ ਦੂਜੇ ਪਾਸੇ ਦਸਵੀਂ ਸੂਚੀ (ਦਲ ਬਦਲੀ ਦੇ ਕਾਨੂੰਨ) ਅਨੁਸਾਰ ਇਹ ਅਧਿਕਾਰ ਸਪੀਕਰ ਦਾ ਹੈ। ਇਸ ਖਾਮੀ ਦਾ ਇਸ਼ਾਰਾ ਕਿਹੋਤੋ ਹੋਲੋਹਾਨ ਮਾਮਲੇ 'ਚ 1992 ਵਿੱਚ ਜਸਟਿਸ ਜੇ ਐੱਸ ਵਰਮਾ ਨੇ ਆਪਣੇ ਘੱਟਗਿਣਤੀ ਦੇ ਫੈਸਲੇ ਵਿੱਚ ਦਿੱਤਾ ਸੀ, ਪਰ ਸੱਤਾਧਾਰੀ ਜਮਾਤ ਅੱਜ ਤੱਕ ਇਸ ਝਗੜੇ ਨੂੰ ਖਤਮ ਨਹੀਂ ਕਰ ਸਕੀ। ਇਸ ਫੈਸਲੇ ਵਿੱਚ ਬਹੁਮਤ ਦਾ ਫੈਸਲਾ ਇਹ ਸੀ ਕਿ ਸਪੀਕਰ 'ਯੋਗਤਾ ਦੇ ਸਵਾਲ' ਉਤੇ ਟ੍ਰਿਬਿਊਨਲ ਵਾਂਗ ਕੰਮ ਕਰਦਾ ਹੈ। ਕਰਨਾਟਕ ਵਿਧਾਨ ਸਭਾ ਦੇ ਇੱਕ ਮਾਮਲੇ ਵਿੱਚ ਦੋ ਇੱਕ ਮਾਮਲੇ 'ਚ ਦੋ ਹਫਤੇ ਪਹਿਲਾਂ ਸੁਪਰੀਮ ਕੋਰਟ ਦੇ ਜਸਟਿਸ ਰਮਨਾ ਨੇ ਕਿਹਾ ਸੀ ਕਿ ਕਿਉਂਕਿ ਸਪੀਕਰ ਦੀ ਹੋਂਦ ਵਿਧਾਇਕਾਂ ਦੇ ਬਹੁਮਤ 'ਤੇ ਆਧਾਰਤ ਹੁੰਦੀ ਹੈ, ਇਸ ਲਈ ਉਸ ਨੂੰ ਮੈਂਬਰਾਂ ਦੀ ਯੋਗਤਾ ਬਾਰੇ ਫੈਸਲਾ ਦੇਣ ਦਾ ਅਧਿਕਾਰ ਦੇਣਾ ਗਲਤ ਹੈ ਕਿਉਂਕਿ ਉਹ 'ਨਿਰਪੱਖ' ਨਹੀਂ ਰਹਿ ਸਕਦਾ ਅਤੇ ਟ੍ਰਿਬਿਊਨਲ ਵਾਂਗ ਨਿਰਪੱਖਤਾ ਦੀ ਉਸ ਤੋਂ ਆਸ ਸੰਭਵ ਨਹੀਂ ਹੈ ਅਤੇ ਪਿਛਲੇ ਸਮਿਆਂ ਵਿੱਚ ਅਜਿਹੇ ਮਾਮਲਿਆਂ 'ਚ ਇਹ ਦੇਖਿਆ ਵੀ ਗਿਆ ਹੈ। ਅਦਾਲਤ ਨੇ ਇੱਕ ਨਿਰਪੱਖ ਕਮੇਟੀ ਤੋਂ ਇਨ੍ਹਾਂ ਮਾਮਲਿਆਂ ਵਿਚ ਫੈਸਲਾ ਲੈਣ ਲਈ ਦਲ ਬਦਲੀ ਕਾਨੂੰਨ 'ਚ ਤਬਦੀਲੀਆਂ ਦੀ ਸਲਾਹ ਦਿੱਤੀ। ਰਾਜਸੀ ਜਮਾਤ ਡਿੱਗ ਰਹੀਆਂ ਨੈਤਿਕ ਕਦਰਾਂ ਕੀਮਤਾਂ ਤੇ ਉਭਰ ਰਹੀਆਂ 'ਸ਼ਿਕਾਰੀ ਪ੍ਰਵਿਰਤੀਆਂ' ਕਾਰਨ ਆਉਂਦੇ ਦਿਨਾਂ 'ਚ ਸਪੀਕਰ ਅਤੇ ਗਵਰਨਰ ਪਰਜਾਤੰਤਰ ਦਾ ਚੀਰਹਰਣ ਕਰਦੇ ਰਹਿਣਗੇ, ਇਸ ਲਈ ਅਦਾਲਤ ਦੇ ਹੁਕਮ 'ਤੇ ਅਮਲ ਕਰਨਾ ਹੀ ਇੱਕੋ-ਇੱਕ ਰਾਹ ਹੈ।

ਆਉਣ ਵਾਲੇ ਦਿਨਾਂ ਵਿੱਚ ਮੱਧ ਪ੍ਰਦੇਸ਼ ਵਿੱਚ ਰਾਜਸੀ ਚਿੱਕੜ ਦੇ ਹੋਰ ਗੰਧਲਾ ਹੋਣ ਦੇ ਆਸਾਰ ਹਨ ਕਿਉਂਕਿ ਇੱਕ ਪਾਸੇ ਗਵਰਨਰ ਕੋਲ 'ਸਰਕਾਰ ਦੇ ਸੰਵਿਧਾਨ ਦੀਆਂ ਵਿਵਸਥਾਵਾਂ ਮੁਤਾਬਕ ਨਾ ਚੱਲਣ' ਬਾਰੇ ਅੰਦਾਜ਼ਾ ਲਾਉਣ ਦੀ ਤਾਕਤ ਅਤੇ ਕੇਂਦਰ ਨੂੰ ਤੁਰੰਤ ਅਜਿਹੀਆਂ ਰਿਪੋਰਟਾਂ ਦੇ ਆਧਾਰ 'ਤੇ ਸਰਕਾਰਾਂ ਨੂੰ ਬਰਖਾਸਤ ਕਰਨ ਤੇ ਰਾਸ਼ਟਰਪਤੀ ਰਾਜ ਲਾਗੂ ਕਰਨ ਦੇ ਅਧਿਕਾਰ ਹਨ ਤੇ ਦੂਜੇ ਪਾਸੇ ਸਪੀਕਰ ਨੂੰ ਦਲ ਬਦਲੀ ਬਾਰੇ ਕਾਨੂੰਨ ਹੇਠ ਕਿਸੇ ਮੈਂਬਰ ਨੂੰ ਯੋਗ ਕਰਾਰ ਦੇਣ ਜਾਂ ਇਸ ਫੈਸਲੇ ਨੂੰ ਲੰਮੇ ਸਮੇਂ ਤੱਕ ਟਾਲਦੇ ਰਹਿਣ ਦਾ ਅਧਿਕਾਰ ਹੈ। ਕਿਉਂਕਿ ਸਪੀਕਰ ਦੀ ਹੋਂਦ ਸਦਨ 'ਚ ਉਸ ਨੂੰ ਇਸ ਅਹੁਦੇ 'ਤੇ ਬਿਠਾਉਣ ਵਾਲੀ ਪਾਰਟੀ ਦੇ ਬਹੁਮਤ 'ਤੇ ਨਿਰਭਰ ਕਰਦੀ ਹੈ, ਇਸ ਲਈ ਉਸ ਦਾ ਨਿਰਪੱਖ ਹੋਣਾ ਅਸੰਭਵ ਹੈ। ਜਿੱਥੇ ਰਾਸ਼ਟਰਪਤੀ ਨੂੰ ਪਾਰਲੀਮੈਂਟ ਮਹਾਦੋਸ਼ ਲਾ ਕੇ ਅਹੁਦੇ ਤੋਂ ਹਟਾ ਸਕਦੀ ਹੈ। ਗਵਰਨਰ ਨੂੰ ਹਟਾਉਣ ਦੀ ਤਾਕਤ ਸੂਬੇ ਦੇ ਵਿਧਾਇਕਾਂ ਨੂੰ ਨਹੀਂ ਹੁੰਦੀ, ਜਦ ਕਿ ਕੇਂਦਰ ਉਸ ਨੂੰ ਸਿਰਫ ਇੱਕ ਚਿੱਠੀ ਲਿਖ ਕੇ 'ਰਾਸ਼ਟਪਤੀ ਦੇ ਮਹਿਲ' ਤੋਂ ਵਾਪਸ ਬੁਲਾ ਸਕਦਾ ਹੈ। ਇਸ ਲਈ ਉਹ ਆਪਣੀ ਹੋਂਦ ਕਾਇਮ ਰੱਖਣ ਲਈ ਕੇਂਦਰ ਦੇ ਹਰ ਇਸ਼ਾਰੇ 'ਤੇ ਨੱਚਦਾ ਰਹਿੰਦਾ ਹੈ। ਅਜਿਹੀ ਸਥਿਤੀ 'ਚ ਸੁਪਰੀਮ ਕੋਰਟ ਦਾ ਸੂਬਿਆਂ ਦੇ ਅਜਿਹੇ ਝਗੜਿਆਂ ਦੇ ਹੱਲ ਲਈ ਇਸੇ ਅਦਾਲਤ ਦੇ ਰਿਟਾਇਰ ਹੋਏ ਜੱਜ ਜਾਂ ਹਾਈ ਕੋਰਟ ਦੇ ਚੀਫ ਜਸਟਿਸ ਦੀ ਪ੍ਰਧਾਨਗੀ 'ਚ ਟ੍ਰਿਬਿਊਨਲ ਬਣਾਉਣਾ ਹੀ ਮਸਲੇ ਦਾ ਹੱਲ ਹੈ।












# ਪੇਂਡੂ ਦਲਿਤ ਔਰਤਾਂ ਦਾ ਸੰਤਾਪ

-ਹਮੀਰ ਸਿੰਘ-

ਸਮਾਜ ਵਿਚ ਵਿਤਕਰੇ ਦੀ ਲੰਬੀ ਲਿਸਟ ਹੈ। ਅਮੀਰ-ਗ਼ਰੀਬ, ਪੜ੍ਹਿਆ-ਅਨਪੜ੍ਹ, ਸ਼ਹਿਰੀ-ਪੇਂਡੂ, ਮਰਦ-ਔਰਤ, ਜਾਤ-ਪਾਤ ਸਮੇਤ ਅਨੇਕ ਵਿਤਕਰਿਆਂ ਵਿਚ ਸਭ ਤੋਂ ਹਾਸ਼ੀਏ ਉਤੇ ਪੇਂਡੂ ਦਲਿਤ ਔਰਤ ਹੈ, ਜੋ ਸਾਰੇ ਵਿਤਕਰਿਆਂ ਨੂੰ ਆਪਣੇ ਪਿੰਡੇ ਉਤੇ ਹੰਢਾਉਣ ਦਾ ਸੰਤਾਪ ਭੋਗਦੀ ਹੈ। ਆਜ਼ਾਦੀ ਦੇ ਸੱਤ ਦਹਾਕਿਆਂ ਬਾਅਦ ਵੀ ਵਿਕਾਸ ਇਨ੍ਹਾਂ ਦੇ ਜੀਵਨ ਵਿਚ ਦਾਖ਼ਲ ਹੋਣ ਤੋਂ ਕੰਨੀ ਕਤਰਾ ਰਿਹਾ ਹੈ। ਇਸ ਦੇ ਬਾਵਜੂਦ ਹਿੰਮਤ ਨਾ ਹਾਰਦਿਆਂ ਉਹ ਰੋਟੀ ਦਾ ਜੁਗਾੜ ਕਰਨ ਲਈ ਦਿਨ ਰਾਤ ਮਿਹਨਤ ਮੁਸ਼ੱਕਤ ਕਰਕੇ ਆਪਣੇ ਪਰਵਾਰ ਨੂੰ ਅੱਗੇ ਤੋਰ ਰਹੀ ਹੈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਪ੍ਰੋਫੈਸਰ ਗਿਆਨ ਸਿੰਘ ਦੀ ਅਗਵਾਈ ਹੇਠ ਧਰਮਪਾਲ, ਵੀਰਪਾਲ ਕੌਰ, ਗੁਰਿੰਦਰ ਕੌਰ ਅਤੇ ਜੋਤੀ ਉੱਤੇ ਆਧਾਰਿਤ ਟੀਮ ਨੇ ਪੇਂਡੂ ਪੰਜਾਬ ਦੇ ਦਲਿਤ ਔਰਤ ਮਜ਼ਦੂਰ ਪਰਵਾਰਾਂ ਬਾਰੇ ਇੱਕ ਸਰਵੇਖਣ ਕੀਤਾ ਹੈ। ਬੇਬੇ ਗੁਰਨਾਮ ਕੌਰ ਮੈਮੋਰੀਅਲ ਐਜੂਕੇਸ਼ਨ ਸੈਂਟਰ, ਈਸੜੂ (ਲੁਧਿਆਣਾ) ਦੁਆਰਾ ਸਪਾਂਸਰ ਇਸ ਸਰਵੇਖਣ ਵਿਚ ਸਾਲ 2016-17 ਆਧਾਰਿਤ ਅੰਕੜੇ ਪੇਸ਼ ਕੀਤੇ ਗਏ ਹਨ। ਇਸ ਰਿਪੋਰਟ ਵਿਚ ਮਾਲਵਾ ਦੇ ਮਾਨਸਾ ਅਤੇ ਫਤਹਿਗੜ੍ਹ ਸਾਹਿਬ, ਦੋਆਬਾ ਵਿੱਚੋਂ ਜਲੰਧਰ ਅਤੇ ਮਾਝਾ ਖੇਤਰ ਵਿੱਚੋਂ ਅੰਮ੍ਰਿਤਸਰ, ਭਾਵ ਚਾਰ ਜ਼ਿਲ੍ਹਿਆਂ ਦੇ 29 ਬਲਾਕਾਂ ਵਿੱਚੋਂ ਇੱਕ ਇੱਕ ਪਿੰਡ ਚੁਣ ਕੇ ਸਰਵੇਖਣ ਕੀਤਾ ਗਿਆ ਹੈ। ਰਿਪੋਰਟ ਮੁਤਾਬਕ ਔਰਤਾਂ ਦੀ ਗਿਣਤੀ ਭਾਵੇਂ ਅੱਧੀ ਹੈ, ਪਰ ਉਨ੍ਹਾਂ ਦਾ ਕਿਰਤ ਸ਼ਕਤੀ ਵਿਚ ਹਿਸਾ ਮਸਾਂ ਇੱਕ-ਚੌਥਾਈ ਹੈ। ਆਰਥਿਕ ਮਜ਼ਬੂਰੀਆਂ ਕਰ ਕੇ ਉਨ੍ਹਾਂ ਦੀ ਕੰਮ ਵਿਚ ਹਿੱਸੇਦਾਰੀ ਵੱਧ ਰਹੀ ਹੈ। ਗੈਰ ਸੰਗਠਿਤ ਖੇਤਰ ਵਿਚ ਔਰਤ ਮਜ਼ਦੂਰਾਂ ਦੀ ਹਿੱਸੇਦਾਰੀ ਦਲਿਤ ਔਰਤਾਂ ਰਾਹੀਂ ਹੀ ਹੁੰਦੀ ਹੈ। ਆਮ ਤੌਰ ਉਤੇ ਅਖੌਤੀ ਉਚ ਸ਼੍ਰੇਣੀ ਦੀਆਂ ਔਰਤਾਂ ਨੂੰ ਜੀਵਨ ਦੀਆਂ ਬੁਨਿਆਦੀ ਲੋੜਾਂ ਲਈ ਬਹੁਤ ਸੰਘਰਸ਼ ਦੀ ਲੋੜ ਨਹੀਂ ਹੁੰਦੀ, ਇਸ ਲਈ ਉਨ੍ਹਾਂ ਦੀ ਕੰਮ ਵਿਚ ਹਿੱਸਦਾਰੀ ਦੀ ਦਰ ਘੱਟ ਰਹਿੰਦੀ ਹੈ। ਹਾਲੇ ਤੱਕ ਦੇ ਆਰਥਿਕ ਮਾਪਦੰਡ ਦੇ ਮੁਕਾਬਲੇ ਇਹ ਗੱਲ ਦਰੁਸਤ ਕਹੀ ਜਾ ਸਕਦੀ ਹੈ, ਪਰ ਇਹ ਮਾਪਦੰਡ ਔਰਤ ਵਿਰੋਧੀ ਹੋ ਨਿਬੜਦੇ ਹਨ। ਜਯੰਕੀ ਘੋਸ਼ ਦੇ ਇੱਕ ਆਰਟੀਕਲ ਮੁਤਾਬਕ ਔਰਤਾਂ ਵੱਲੋਂ ਪਰਵਾਰ ਵਿੱਚ ਨਿਭਾਈ ਜਾਂਦੀ ਭੂਮਿਕਾ ਅਤੇ ਕੀਤੇ ਕੰਮਾਂ ਦਾ ਆਰਥਿਕ ਵਿਕਾਸ ਵਿਚ ਲੇਖਾ ਹੀ ਨਹੀਂ ਕੀਤਾ ਜਾਂਦਾ। ਅਸੀਂ ਕੰਮ ਕੇਵਲ ਘਰੋਂ ਬਾਹਰ ਜਾ ਕੇ ਕੀਤੇ ਜਾਂਦੇ ਕੰਮ ਨੂੰ ਹੀ ਸਮਝਦੇ ਹਾਂ। ਜੇ ਔਰਤਾਂ ਵੱਲੋਂ ਬਿਨਾਂ ਕੋਈ ਇਵਜ਼ਾਨਾ ਲਏ ਕੀਤੇ ਕੰਮਾਂ ਦਾ ਸਹੀ ਰੂਪ ਵਿੱਚ ਲੇਖਾ ਜੋਖਾ ਕੀਤਾ ਜਾਵੇ ਤਾਂ ਔਰਤਾਂ ਦੀ ਕੰਮ ਵਿਚ ਹਿੱਸੇਦਾਰੀ 80 ਫ਼ੀਸਦੀ ਤੱਕ ਪਹੁੰਚ ਜਾਵੇਗੀ।

ਇਸ ਪੁਸਤਕ ਵਿੱਚ ਇਹ ਖੁਲਾਸਾ ਹੋਇਆ ਹੈ ਕਿ ਤਕਰੀਬਨ ਦੋ-ਤਿਹਾਈ ਪੇਂਡੂ ਦਲਿਤ ਔਰਤਾਂ ਅਨਪੜ੍ਹ ਹਨ ਤੇ ਪੜ੍ਹੀਆਂ ਲਿਖੀਆਂ ਵਿੱਚੋਂ ਬਹੁਤੀਆਂ ਪੰਜ ਪਾਸ ਹਨ। ਇਸ ਦਾ ਅਸਰ ਸਿਆਸੀ ਜਾਗਰੂਕਤਾ ਉਤੇ ਪੈਣਾ ਵੀ ਸੁਭਾਵਿਕ ਹੈ। ਸਰਵੇਖਣ ਅਧੀਨ ਆਈਆਂ ਔਰਤਾਂ ਵਿੱਚੋਂ 91ਵੇਂ ਫ਼ੀਸਦੀ ਨੂੰ ਘੱਟੋ-ਘੱਟ ਉਜਰਤ ਕਾਨੂੰਨ ਅਤੇ ਕੰਮ ਦੇ ਘੰਟੇ ਨਿਸਚਤ ਹੋਣ ਦੀ ਕੋਈ ਜਾਣਕਾਰੀ ਨਹੀਂ ਹੈ। ਉਨ੍ਹਾਂ ਵਿੱਚੋਂ 96 ਫੀਸਦੀ ਤੋਂ ਵੱਧ ਦਾ ਦੇਸ਼, ਸੂਬੇ ਜਾਂ ਸਥਾਨਕ ਸਿਆਸਤ ਵਿਚ ਕੋਈ ਦਿਲਚਸਪੀ ਨਹੀਂ। 92 ਫੀਸਦੀ ਨੂੰ ਸੂਬੇ ਦੇ ਮੁੱਖੇ ਮੰਤਰੀ ਦੇ ਨਾਮ ਦਾ ਨਹੀਂ ਪਤਾ ਤੇ 98 ਫੀਸਦੀ ਨੂੰ ਹਰ ਸਮੇਂ 'ਮਨ ਕੀ ਬਾਤ' ਕਰਨ ਵਾਲੇ ਪ੍ਰਧਾਨ ਮੰਤਰੀ ਦੇ ਨਾਮ ਦਾ ਵੀ ਨਹੀਂ ਪਤਾ। ਵੋਟਾਂ ਵੇਲੇ ਉਹ ਆਪਣੇ ਪਰਵਾਰ ਦੇ ਮਰਦ ਮੈਂਬਰਾਂ ਦੇ ਕਹੇ ਅਨੁਸ-ਾਰ ਵੋਟ ਦਿੰਦੀਆਂ ਹਨ। ਸਥਾਨਕ ਪੰਚਾਇਤੀ ਪੱਧਰ ਉਤੇ ਜੇ ਰਾਖਵਾਂਕਰਨ ਕਰਕੇ ਮੈਂਬਰ ਜਾਂ ਸਰਪੰਚ ਚੁਣੀਆਂ ਜਾਂਦੀਆਂ ਹਨ ਤਾਂ ਵੀ ਉਨ੍ਹਾਂ ਦੇ ਨਾਮ ਉਤੇ ਕਥਿਤ ਉਚ ਸ਼੍ਰੇਣੀ ਦੇ ਲੋਕ ਹੀ ਇਨ੍ਹਾਂ ਅਹੁਦਿਆਂ ਦੀ ਵਰਤੋਂ ਕਰਦੇ ਹਨ। ਵੈਸੇ ਇਹ ਗੱਲ ਠੀਕ ਹੈ ਕਿ ਜਨਰਲ ਵਰਗ ਦੀਆਂ ਔਰਤਾਂ ਲਈ ਵੀ ਪੰਜਾਬ ਵਿੱਚ ਅਜੇ ਸਰਪੰਚੀ ਜਾਂ ਪੰਚੀ ਕਰਨ ਦਾ ਮਾਹੌਲ ਸਾਜ਼ਗਰ ਨਹੀਂ ਹੈ। ਉਨ੍ਹਾਂ ਦੀ ਜਗ੍ਹਾ ਵੀ ਮਰਦ ਹੀ ਇਨ੍ਹਾਂ ਅਹੁਦਿਆਂ ਦੀ ਵਰਤੋਂ ਕਰਦੇ ਹਨ।

ਸਰਵੇਖਣ ਇਹ ਦੱਸਦਾ ਹੈ ਕਿ 96 ਫੀਸਦੀ ਤੋਂ ਵੱਧ ਦਲਿਤ ਔਰਤ ਮਜ਼ਦੂਰ ਪਰਵਾਰ ਕਰਜ਼ੇ ਦੇ ਬੋਝ ਹੇਠ ਹਨ। ਇਨ੍ਹਾਂ ਪਰਵਾਰਾਂ ਸਿਰ ਔਸਤ ਕਰਜ਼ਾ 554342.98 ਰੁਪਏ ਹੈ। ਦੇਖਣ ਨੂੰ ਇਹ ਕਰਜ਼ਾ ਦੇਣ ਲਈ ਤਿਆਰ ਨਹੀਂ- ਇਸ ਕਰ ਕੇ ਇਨ੍ਹਾਂ ਪਰਵਾਰਾਂ ਨੂੰ ਤੰਗੀ ਤੁਰਸ਼ੀ ਦੀ ਅਸਹਿ ਪੀੜ ਤੋਂ ਗੁਜ਼ਰਨਾ ਪੈਂਦਾ ਹੈ। ਮਾਹਰ ਗਰੁੱਪ ਦੇ ਮਾਪਦੰਡ ਅਨੁਸਾਰ ਦਲਿਤ ਔਰਤ ਮਜ਼ਦੂਰ ਪਰਵਾਰਾਂ ਦੇ ਕੁੱਲ ਜੀਆਂ ਵਿੱਚੋਂ 92 ਫੀਸਦੀ ਤੋਂ ਵੱਧ ਜੀਅ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਤੇਂਦੁਲਕਰ ਕਮੇਟੀ ਦੇ ਮਾਪਦੰਡ ਅਨੁਸਾਰ 57.71 ਫੀਸਦੀ ਜੀਅ ਗ਼ਰੀਬੀ ਰੇਖਾ ਤੋਂ ਹੇਠਾਂ ਹਨ। ਜੀਵਨ ਦੀਆਂ ਮੁਢਲੀਆਂ ਲੋੜਾਂ ਪੂਰਾ ਕਰਨ ਤੱਕ ਸੀਮਤ ਰਹਿੰਦਿਆਂ ਵੀ ਇਨ੍ਹਾਂ ਪਰਵਾਰਾਂ ਨੂੰ ਸਾਲਾਨਾ ਔਸਤਨ 9358 ਰੁਪਏ ਦਾ ਘਾਟਾ ਸਹਿਣਾ ਪੈ ਰਿਹਾ ਹੈ, ਭਾਵ ਉਨ੍ਹਾਂ ਲੋੜਾਂ ਲਈ ਵੀ ਕਰਜ਼ਾ ਲੈਣਾ ਪੈਂਦਾ ਹੈ। ਮਗਨਰੇਗਾ ਤੋਂ ਉਮੀਦ ਬਣੀ ਸੀ ਪਰ ਇਸ ਨੂੰ ਸਹੀ ਰੂਪ ਵਿੱਚ ਲਾਗੂ ਨਾ ਕਰਨ ਕਰਕੇ ਦਲਿਤ ਮਜ਼ਦੂਰ ਔਰਤਾਂ ਨੂੰ ਇਸ ਦਾ ਬਹੁਤਾ ਲਾਭ ਨਹੀਂ ਹੋਇਆ।

ਆਰਥਿਕ ਅਤੇ ਸਿਆਸੀ ਖੇਤਰ ਵਿੱਚ ਹਾਸ਼ੀਏ ਉਤੇ ਧੱਕੀਆਂ ਇਨ੍ਹਾਂ ਔਰਤਾਂ ਨੂੰ ਘਰੇਲੂ ਪੱਧਰ ਉਤੇ ਵੀ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਭੁਗਤਣਾ ਪੈਂਦਾ ਹੈ। ਸਾਰਾ ਦਿਨ ਦਿਹਾੜੀ ਤੋਂ ਬਾਅਦ ਘਰ ਆ ਕੇ ਬਾਲਣ, ਪੱਠੇ ਲਿਆਉਣ, ਪਾਣੀ ਭਰਨ, ਖਾਣਾ ਬਣਾਉਣ, ਸਫਾਈ ਕਰਨ, ਬੱਚੇ ਸੰਭਾਲਣ, ਪਸ਼ੂ ਪਾਲਣ ਆਦਿ ਦਾ ਕੰਮ ਸਬੰਧਿਤ ਔਰਤ ਨੂੰ ਕਰਨਾ ਪੈਂਦਾ ਹੈ। ਬਹੁਤੇ ਘਰਾਂ ਵਿੱਚ ਪਤੀ-ਪਤਨੀ ਦੇ ਸਬੰਧ ਤਣਾਅ ਵਾਲੇ ਹਨ। ਨਸ਼ਾ ਇਨ੍ਹਾਂ ਸਬੰਧਾਂ ਲਈ ਵੱਡਾ ਜ਼ਿੰਮੇਵਾਰ ਹੈ। ਜਿਨ੍ਹਾਂ ਪਰਵਾਰਾਂ ਵਿੱਚ ਪਤੀ ਨਸ਼ੇੜੀ ਹਨ, ਇਨ੍ਹਾਂ ਔਰਤਾਂ ਦੇ ਬਿਮਾਰ ਹੋਣ ਸਮੇਂ ਵੀ ਹਮਲਾਵਰਾਂ ਵਾਂਗ ਵਿਹਾਰ ਕਰਦੇ ਹਨ।

ਸਰਵੇਖਣ ਮੁਤਾਬਕ 61 ਫੀਸਦੀ ਤੋਂ ਵੱਧ ਦਲਿਤ ਔਰਤਾਂ ਇੱਕ ਜਾਂ ਇੱਕ ਤੋਂ ਵੱਧ ਸਰੀਰਕ ਰੋਗ ਜਿਵੇਂ ਦਰਦ, ਸ਼ੱਕਰ ਰੋਗ, ਬਲੱਡ ਪ੍ਰੈਸ਼ਰ, ਅੱਖਾਂ, ਚਮੜੀ, ਫੋੜਿਆਂ ਦੇ ਰੋਗ, ਸਾਹ ਦੀਆਂ ਬਿਮਾਰੀਆਂ, ਜ਼ਨਾਨ ਰੋਗ, ਯੂਰਿਕ ਐਸਿਡ, ਪੇਟ ਦੀ ਪਥਰੀ, ਦਿਲ ਦੇ ਰੋਗ ਆਦਿ ਤੋਂ ਪੀੜਤ ਹਨ। ਜੇ ਨੀਤ ਸਾਫ਼ ਹੋਵੇ ਤਾਂ ਇਹ ਪੁਸਤਕ ਨੀਤੀਗਤ ਫੈਸਲੇ ਕਰਨ ਵਿੱਚ ਸਹਾਈ ਹੋ ਸਕਦੀ ਹੈ।

# ਮਹਾਰਾਜਾ ਰਣਜੀਤ ਸਿੰਘ ਦਾ ਲਾਹੌਰ ਨਾਲ ਨਾਤਾ

-ਮਜੀਦ ਸ਼ੇਖ਼-

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਲਾਹੌਰ ਸ਼ਹਿਰ ਨੂੰ ਬਹੁਤ ਲਾਭ ਹੋਇਆ। ਜੇ ਇਸ ਸੰਬੰਧ ਵਿੱਚ ਉਨ੍ਹਾਂ ਦੇ ਚਿਰ-ਸਥਾਈ ਯੋਗਦਾਨ ਨੂੰ ਦੇਖਣਾ ਹੈ ਤਾਂ ਸਾਨੂੰ ਅੰਦਰੂਨੀ ਸ਼ਹਿਰ ਦੇ ਉੱਤਰੀ ਹਿੱਸੇ ਅਤੇ ਇਸ ਦੇ ਕਿਲ੍ਹੇ ਦੀਆਂ ਦੀਵਾਰਾਂ ਨੂੰ ਦੇਖਣਾ ਚਾਹੀਦਾ ਹੈ। ਇਸ 'ਇੱਕ ਅੱਖ ਵਾਲੇ ਮਹਾਰਾਜੇ' ਦੀ ਸੋਚ ਦੀ ਥਾਹ ਪਾਉਣ ਲਈ ਸਮਝਣਾ ਹੋਵੇਗਾ ਕਿ ਉਨ੍ਹਾਂ ਨੇ ਬਹੁਤ ਹੀ ਮਾਹਿਰਾਨਾ ਤੇ ਆਧੁਨਿਕ ਢੰਗ ਨਾਲ ਕੰਮ ਕੀਤਾ, ਖਾਸ ਕਰ ਕੇ ਆਪਣੇ ਸਮੇਂ ਦੇ ਹਿਸਾਬ ਨਾਲ। ਉਸ ਵਕਤ ਯੂਰਪ ਵਿੱਚ ਵਾਟਰਲੂ ਦੀ ਜੰਗ ਵਿੱਚ ਬਾਦਸ਼ਾਹ ਨੈਪੋਲੀਅਨ ਦੀ ਹਾਰ ਹੋਈ ਸੀ। ਭਾਰਤ ਵਿੱਚ ਅੰਗਰੇਜ਼ਾਂ ਨੇ ਈਸਟ ਇੰਡੀਆ ਕੰਪਨੀ ਦੇ ਭੇਸ ਵਿੱਚ ਕਬਜ਼ਾ ਜਮਾ ਲਿਆ ਸੀ ਅਤੇ ਉਹ ਦੇਸ਼ ਦੇ ਧੁਰ ਪੂਰਬੀ ਸਿਰੇ ਤੋਂ ਪੱਛਮ ਵੱਲ ਅੱਗੇ ਵਧ ਰਹੇ ਸਨ। ਜਦੋਂ ਤੱਕ ਮਹਾਰਾਜਾ ਰਣਜੀਤ ਸਿੰਘ ਜ਼ਿੰਦਾ ਸੀ, ਅੰਗਰੇਜ਼ ਪੰਜਾਬ ਤੋਂ ਲਾਂਭੇ ਰਹੇ। ਸ਼ੇਰ-ਏ-ਪੰਜਾਬ ਮਹਾਰਾਜਾ ਹਮੇਸ਼ਾ ਅੰਗਰੇਜ਼ਾਂ ਤੋਂ ਇੱਕ ਕਦਮ ਅਗਾਂਹ ਰਹਿੰਦਾ ਸੀ। ਮਹਾਰਾਜੇ ਨੇ ਜਦੋਂ ਸ਼ੇਰਾਂ ਵਾਲਾ ਗੇਟ ਉਸਾਰਿਆ ਤਾਂ ਦੋ ਅਸਲੀ ਸ਼ੇਰ ਉਥੇ ਬੰਨ੍ਹ ਦਿੱਤੇ, ਜਿੱਥੇ ਪਹਿਲਾਂ ਕਿਸੇ ਸਮੇਂ ਖਿਜਰੀ ਗੇਟ ਹੁੰਦਾ ਸੀ।

ਲਾਹੌਰ ਵਿੱਚ ਪਹਿਲਾ ਯੂਰਪੀਨ ਹਥਿਆਰਬੰਦ ਅੱਡਾ ਫਰਾਂਸੀਸੀਆਂ ਦਾ ਸੀ, ਨਾ ਕਿ ਅੰਗਰੇਜ਼ਾਂ ਦਾ। ਨੈਪੋਲੀਅਨ ਦੀ ਫੌਜ ਦੇ ਅਨੇਕਾਂ ਹਾਰੇ ਹੋਏ ਜਰਨੈਲ ਮਹਾਰਾਜੇ ਦੇ ਲਾਹੌਰ ਦਰਬਾਰ ਪੁੱਜ ਗਏ ਤੇ ਮਹਾਰਾਜੇ ਨੇ ਉਨ੍ਹਾਂ ਦੀ ਸਮਝਦਾਰੀ ਨਾਲ ਵਰਤੋਂ ਕੀਤੀ। ਇਨ੍ਹਾਂ ਫਰਾਂਸੀਸੀ ਜਰਨੈਲਾਂ ਨੇ ਲਾਹੌਰ ਦਾ ਸਿਵਲ ਸਕੱਤਰੇਤ ਬਣਾਇਆ, ਜਿਹੜਾ ਅਨਾਰਕਲੀ ਦੇ ਮਕਬਰੇ ਦੇ ਨਾਲ ਲੱਗਦਾ ਸੀ। ਇਨ੍ਹਾਂ ਫਰਾਂਸੀਸੀ ਸਲਾਹਕਾਰਾਂ ਨੇ ਪੰਜਾਬ ਦੇ ਹਾਲਾਤ ਦਾ ਅਧਿਐਨ ਕੀਤਾ ਅਤੇ ਮਹਾਰਾਜੇ ਨੂੰ ਸਲਾਹ ਦਿੱਤੀ ਕਿ ਨਾ ਸਿਰਫ ਲਾਹੌਰ ਦੀਆਂ ਦੀਵਾਰਾਂ ਨੂੰ ਮਜ਼ਬੂਤ ਕੀਤਾ ਜਾਵੇ, ਸਗੋਂ ਇਨ੍ਹਾਂ ਦੁਆਲੇ ਇੱਕ ਖਾਈ ਵੀ ਪੁੱਟੀ ਜਾਵੇ। ਇਸ ਮਕਸਦ ਲਈ ਰਾਵੀ ਦਰਿਆ ਦਾ ਇਸਤੇਮਾਲ ਕੀਤਾ ਗਿਆ ਅਤੇ ਚੁੱਕਵੇਂ ਪੁਲ ਬਣਾਏ ਗਏ। ਇਸ ਕਾਰਵਾਈ ਪਿੱਛੇ ਕਾਰਨ ਠੋਸ ਤੇ ਫੌਜੀ ਸੋਚ ਵਾਲਾ ਸੀ। ਤੋਪਾਂ ਦੇ ਆਉਣ ਨਾਲ ਦੀਵਾਰਾਂ ਨੂੰ ਆਸਾਨੀ ਨਾਲ ਡੇਗਿਆ ਜਾ ਸਕਦਾ ਸੀ, ਜਿਸ ਕਾਰਨ ਘੁਸਪੈਠ ਨੂੰ ਰੋਕਣ ਲਈ ਵਾਧੂ ਅੜਿੱਕੇ ਕਾਇਮ ਕਰਨ ਦੀ ਲੋੜ ਸੀ। ਇਸ ਲਈ ਦੀਵਾਰ ਦੇ ਨਾਲ ਖਾਈ ਵਧੀਆ ਤਰੀਕਾ ਸੀ ਅਤੇ ਮਹਾਰਾਜੇ ਨੇ ਇਹ ਉਸਾਰੀ ਵੱਡੇ ਪੱਧਰ 'ਤੇ ਕੀਤੀ। ਸੰਨ 1847 ਤੋਂ ਬਾਅਦ ਅੰਗਰੇਜ਼ਾਂ ਨੇ ਖਾਈਆਂ ਭਰ ਦਿੱਤੀਆਂ ਤੇ ਉਥੇ ਫਿਰ ਮੁਗ਼ਲ ਜ਼ਮਾਨੇ ਵਾਂਗ ਬਾਗ ਲਾ ਦਿੱਤੇ। ਅਸਲ ਵਿੱਚ ਇਹ ਅੰਗਰੇਜ਼ ਦੀ ਸੋਚੀ ਸਮਝੀ ਚਾਲ ਸੀ ਤਾਂ ਕਿ ਦੁਬਾਰਾ 1857 ਦੇ ਗਦਰ ਵਰਗੀ ਘਟਨਾ ਵਾਪਰਨ ਦੀ ਸੂਰਤ ਵਿੱਚ ਪੰਜਾਬੀ ਲੋਕ ਲਾਹੌਰ ਦੀ ਰਾਖੀ ਨਾ ਕਰ ਸਕਣ।

ਉਂਝ ਅੰਗਰੇਜ਼ਾਂ ਨੇ ਸਾਰੀਆਂ ਦੀਵਾਰਾਂ ਨਹੀਂ ਢਾਹੀਆਂ। ਉਨ੍ਹਾਂ ਜਾਣ ਬੁੱਝ ਕੇ, ਜਿਵੇਂ ਵੀ ਪੰਜਾਬ ਗਜ਼ਟ ਵੀ ਸ਼ਾਹਦੀ ਭਰਦਾ ਹੈ, ਇਸ ਗੱਲ ਨੂੰ ਉਤਸ਼ਾਹਤ ਕੀਤਾ ਕਿ ਦੱਖਣ ਵੱਲ ਦੀਆਂ ਦੀਵਾਰਾਂ ਢਾਹ ਦਿੱਤੀਆਂ ਜਾਣ ਤੇ ਉਤਰੀ ਪਾਸੇ ਦੀਆਂ ਕੰਧਾਂ ਨੂੰ ਉਨ੍ਹਾਂ ਨੇ ਸਲਾਮਤ ਰੱਖਿਆ। ਸੰਭਵ ਤੌਰ 'ਤੇ ਇਹ ਇੱਕ ਰਣਨੀਤੀ ਤਹਿਤ ਕੀਤਾ ਗਿਆ ਤਾਂ ਕਿ ਜੇ ਲੋੜ ਪਵੇ ਤਾਂ ਇੱਕ ਵਾਰੀ ਦੱਖਣ, ਜਿਸ ਪਾਸੇ ਅੰਗਰੇਜ਼ਾਂ ਦੀ ਫੌਜ ਦਾ ਮੁੱਖ ਗੜ੍ਹ ਸੀ, ਨੂੰ ਸੁਰੱਖਿਅਤ ਕਰ ਲੈਣ ਪਿੱਛੋਂ ਸ਼ਹਿਰ ਵਿੱਚੋਂ ਸਾਰੇ ਬਾਗੀਆਂ ਨੂੰ ਖਤਮ ਕੀਤਾ ਜਾ ਕਸੇ। ਇਹ ਇਤਿਹਾਸ ਦਾ ਇੱਕ ਅਫਸੋਸ ਨਾਕ ਤੱਥ ਇਹ ਹੈ ਕਿ ਪੰਜਾਬੀ ਜਾਗੀਰੂ ਮਾਲਕਾਂ ਨੇ ਆਜ਼ਾਦੀ ਦੀ ਜੰਗ ਨੂੰ ਦਰੜਨ ਲਈ ਅੰਗਰੇਜ਼ਾਂ ਦੀ ਭਰਪੂਰ ਮਦਦ ਕੀਤੀ ਤੇ ਅੱਜ ਵੀ ਭਾਰਤ ਅਤੇ ਪਾਕਿਸਤਾਨ ਦੋਵਾਂ ਦੀਆਂ ਹਥਿਆਰਬੰਦ ਫੌਜਾਂ ਵਿੱਚ ਪੰਜਾਬੀਆਂ ਦਾ ਦਬਦਬਾ ਹੈ।

ਦੀਵਾਰਾਂ ਵਾਲੇ ਅੰਦਰੂਨੀ ਸ਼ਹਿਰ ਦੇ ਉਤਰੀ ਹਿੱਸੇ ਵਿੱਚ, ਐਨ ਮਸਤੀ ਗੇਟ ਤੋਂ ਸ਼ੁਰੂ ਹੋ ਕੇ ਕਸ਼ਮੀਰੀ ਗੇਟ ਤੱਕ ਤੇ ਅਗਾਂਹ ਸ਼ੇਰਾਂਵਾਲਾ ਗੇਟ, ਜਿਸ ਨੂੰ ਪਹਿਲਾਂ ਖਿਜ਼ਰੀ ਗੇਟ ਆਖਿਆ ਜਾਂਦਾ ਸੀ ਅਤੇ ਇਸ ਤੋਂ ਵੀ ਅਗਾਂਹ ਯੱਕੀ ਗੇਟ ਤੱਕ ਲੰਬੀਆਂ ਅਤੇ ਮਜ਼ਬੂਤ ਕਿਲ੍ਹੇਬੰਦ ਦੀਵਾਰਾਂ ਸਨ। ਅੰਗਰੇਜ਼ਾਂ ਨੇ 1857 ਦੇ ਗੜਬੜ ਦੇ ਦਿਨਾਂ ਵਿੱਚ ਇਨ੍ਹਾਂ ਸਾਰੇ ਗੇਟਾਂ ਨੂੰ ਬੰਦ ਕਰ ਦਿੱਤਾ ਅਤੇ ਇੰਝ ਸ਼ਹਿਰ ਦੇ ਉੱਤਰੀ ਹਿੱਸੇ ਨੂੰ ਇੱਕ ਤਰ੍ਹਾਂ ਬਾਕੀ ਸ਼ਹਿਰ ਤੋਂ ਕੱਟ ਦਿੱਤਾ। ਉਨ੍ਹਾਂ ਬਾਕੀ ਦੋ ਗੇਟਾਂ ਨਾਲ ਵੀ ਇੰਝ ਹੀ ਕੀਤਾ ਅਤੇ ਸਿਰਫ ਟਕਸਾਲੀ ਗੇਟ, ਭੱਟੀ ਗੇਟ ਤੇ ਲਾਹੌਰੀ ਗੇਟ ਹੀ ਖੁੱਲ੍ਹੇ ਛੱਡੇ। ਇਸ ਪਿੱਛੇ ਇਹ ਸੋਚ ਕੰਮ ਕਰਦੀ ਸੀ ਕਿ ਜੇ ਲਾਹੌਰ ਉੱਤੇ ਹਮਲਾ ਹੋਇਆ ਤਾਂ ਇਨ੍ਹਾਂ ਗੇਟਾਂ ਦੀ ਨਾਕਾਬੰਦੀ ਆਸਾਨੀ ਨਾਲ ਕੀਤੀ ਜਾ ਸਕੇਗੀ ਤੇ ਸ਼ਹਿਰ ਦੀ ਹਿਫਾਜ਼ਤ ਹੋ ਸਕੇਗੀ, ਬਿਲਕੁਲ ਉਸੇ ਤਰ੍ਹਾਂ, ਜਿਵੇਂ ਲਖਨਊ ਤੇ ਹੋਰ ਉੱਤਰੀ ਸ਼ਹਿਰਾਂ ਵਿੱਚ ਕੀਤਾ ਗਿਆ ਸੀ।

ਇਸ ਦੌਰਾਨ ਸ਼ਹਿਰ ਦੀ ਬਣਤਰ ਨੂੰ ਵੀ ਜ਼ਿਹਨ ਵਿੱਚ ਰੱਖਿਆ ਜਾਣਾ ਚਾਹੀਦਾ ਹੈ। ਜੇ ਤੁਸੀਂ ਸ਼ਹਿਰ ਦੇ ਟਕਸਾਲੀ ਤੇ ਲਾਹੌਰੀ ਗੇਟਾਂ ਵੱਲ ਖੇਤਰ ਨੂੰ ਵੱਖ ਕਰਨਾ ਹੋਵੇ ਤੇ ਬਾਰੂਦਖਾਨੇ ਦੇ ਲਾਗੇ ਧਿਆਨ ਸਿੰਘ ਦੀ ਹਵੇਲੀ ਨੂੰ ਬਾਹਰੀ ਸਥਾਨ ਮੰਨਿਆ ਜਾਵੇ ਤਾਂ ਤੁਸੀਂ ਦੇਖੋਗੇ ਕਿ ਭੱਟ ਰਾਜਪੂਤ ਜਾਂ ਸਿੱਧੇ ਤੌਰ 'ਤੇ ਆਖੀਏ ਕਿ ਭੱਟੀ ਲੋਕ, ਜਿਹੜੇ ਬਹੁਤ ਹੀ ਆਜ਼ਾਦੀ ਪਸੰਦ ਸਨ, ਇਸ ਸਾਰੇ ਇਲਾਕੇ ਵਿੱਚ ਵੱਸੇ ਹੋਏ ਸਨ। ਅੰਗਰੇਜ਼ ਅੰਦਰੋਂ ਅੰਦਰੀ ਉਨ੍ਹਾਂ ਤੋਂ ਭੈਅ ਖਾਂਦੇ ਸਨ ਤੇ ਸ਼ਹਿਰ ਦਾ ਇਹੋ ਉਹ ਹਿੱਸਾ ਸੀ, ਜਿਹੜਾ ਉਨ੍ਹਾਂ ਨੇ ਹਾਲਾਤ ਦੇ ਬੇਕਾਬੂ ਹੋ ਜਾਣ ਦੀ ਸੂਰਤ ਵਿੱਚ ਸੇਫਟੀ ਵਾਲਵ ਵਜੋਂ ਰੱਖ ਲਿਆ ਸੀ। ਇਤਿਹਾਸ ਗਵਾਹ ਹੈ ਕਿ ਅਜਿਹਾ ਨਹੀਂ ਹੋ ਸਕਿਆ ਅਤੇ 1857 ਦੇ ਗਦਰ ਦੀ ਨਾਕਾਮੀ ਲਈ ਲੀਡਰਸ਼ਿਪ ਦੀ ਕਮੀ ਸਭ ਤੋਂ ਵੱਡਾ ਕਾਰਨ ਸੀ। ਹਿੰਦੋਸਤਾਨੀ ਉੱਪ ਮਹਾਂਦੀਪ ਵਿੱਚ ਕੁਝ ਚੀਜ਼ਾਂ ਕਦੇ ਨਹੀਂ ਬਦਲਦੀਆਂ।

ਦੋਮੋਰੀਆ ਪੁਲ ਦੇ ਐਨ ਸਾਹਮਣੇ ਸਥਿਤ ਯੱਕੀ ਗੇਟ ਉਹ ਥਾਂ ਸੀ, ਜਿੱਥੇ ਘੋੜਾ ਤੇ ਬੈਲ ਗੱਡੀਆਂ ਦੇ ਖੜੋਣ ਲਈ ਅੱਡਾ ਬਣਿਆ ਸੀ। ਇਸ ਦਾ ਨਾਂਅ ਵੀ 'ਯੱਕਾ' ਤੋਂ ਪਿਆ ਸੀ ਜਿਹੜੇ ਓਦੋਂ ਆਵਾਜਾਈ ਲਈ ਵਰਤੇ ਜਾਂਦੇ ਆਮ ਵਾਹਨ ਸਨ। ਇਸੇ ਗੇਟ ਰਾਹੀਂ ਸਬਜ਼ੀਆਂ ਤੇ ਹੋਰ ਜ਼ਰੂਰੀ ਚੀਜ਼ਾਂ ਸ਼ਹਿਰ ਪੁੱਜਦੀਆਂ ਸਨ, ਸਾਰੀਆਂ ਵਿਸ਼ੇਸ਼ ਚੀਜ਼ਾਂ ਅੱਗੇ ਅੰਦਰੂਨੀ ਸ਼ਹਿਰ ਵਿਚਲੇ ਆਪੋ-ਆਪਣੇ ਖਾਸ ਬਾਜ਼ਾਰਾਂ ਵਿੱਚ ਜਾਂਦੀਆਂ। ਇੱਕ ਤਰ੍ਹਾਂ ਪਿਛਲੇ ਇੱਕ ਹਜ਼ਾਰ ਤੋਂ ਵੱਧ ਸਾਲਾਂ ਤੋਂ ਅਜਿਹਾ ਚੱਲਦਾ ਆ ਰਿਹਾ ਸੀ। ਅੱਜਕੱਲ੍ਹ ਇਨ੍ਹਾਂ ਵਿੱਚੋਂ ਸਿਰਫ ਸਬਜ਼ੀਆਂ ਵਾਲਾ ਹਿੱਸਾ ਇਥੋਂ ਬਦਲ ਕੇ ਪੱਛਮ ਵੱਲ ਚਲਾ ਗਿਆ ਹੈ ਅਤੇ ਅਜੋਕੀ ਸਬਜ਼ੀ ਮੰਡੀ ਰੇਲਵੇ ਲਾਈਨਾਂ ਦੇ ਕਰੀਬ ਹੈ, ਜਿੱਥੋਂ ਇਹ ਅਗਾਂਹ ਰਾਵੀ ਵੱਲ ਜਾਂਦੀਆਂ ਹਨ।

ਅੰਦਰੂਨੀ ਸ਼ਹਿਰ ਦੇ ਇਸ ਉੱਤਰ ਪੂਰਬੀ ਹਿੱਸੇ ਵਿੱਚ ਸੜਕਾਂ ਸਭ ਤੋਂ ਵੱਧ ਭੀੜੀਆਂ ਸਨ। ਇਸ ਦਾ ਬਾਹਰਲਾ ਟਿਕਾਣਾ ਮੁਹੱਲਾ ਤੇਲੀਆਂ ਸੀ, ਜਿੱਥੇ ਗੱਡਿਆਂ ਰਾਹੀਂ ਸਰ੍ਹੋਂ ਦੀ ਫਸਲ ਲਿਆਂਦੀ ਜਾਂਦੀ ਅਤੇ ਉਸ ਦਾ ਤੇਲ ਕੱਢਿਆ ਜਾਂਦਾ। ਅੱਜਕੱਲ੍ਹ ਸਿਹਤ ਬਾਰੇ ਸੁਚੇਤ ਹੋਣ ਕਾਰਨ ਵੱਡੀ ਗਿਣਤੀ ਲੋਕ ਫਿਰ ਇਸ ਤੇਲ ਦੀ ਵਰਤੋਂ ਕਰਨ ਲੱਗੇ ਹਨ, ਕਿਉਂਕਿ ਪੱਛਮੀ ਸਿਹਤ ਮਾਹਰਾਂ ਨੇ ਪਤਾ ਲਾਇਆ ਹੈ ਕਿ ਸਰ੍ਹੋਂ ਦਾ ਤੇਲ) ਕੋਲੈਸਟਰੋਲ ਘਟਾਉਂਦਾ ਹੈ ਅਤੇ ਇਸ ਵਿੱਚ ਉਹ ਸਾਰੇ ਤੱਤ ਮੌਜੂਦ ਹਨ, ਜਿਹੜੇ ਤੰਦਰੁਸਤ ਤੇ ਜਵਾਨ ਰਹਿਣ ਲਈ ਲੋੜੀਂਦੇ ਹਨ। ਇਹ ਹਾਲੇ ਵੀ ਅੰਦਰੂਨੀ ਸ਼ਹਿਰ ਦਾ ਅਜਿਹਾ ਹਿੱਸਾ ਹੈ, ਜਿੱਥੇ ਬੜੇ ਘੱਟ ਲੋਕ ਜਾਂਦੇ ਹਨ, ਭਾਵੇਂ ਕਿ ਇਥੇ ਸੰਭਵ ਤੌਰ 'ਤੇ ਸ਼ਹਿਰ ਦੀਆਂ ਸਭ ਤੋਂ ਪੁਰਾਣੀਆਂ ਇਮਾਰਤਾਂ ਮੌਜੂਦ ਹਨ। ਨਾਲ ਇਹੋ ਸ਼ਹਿਰ ਦਾ ਉਹ ਹਿੱਸਾ ਸੀ, ਜਿਸ ਨੂੰ ਬਾਦਸ਼ਾਹ ਬਾਬਰ ਨੇ ਢਹਿ ਢੇਰੀ ਨਹੀਂ ਸੀ ਕੀਤਾ। ਸ਼ਹਿਰ ਦੇ ਇਸੇ ਹਿੱਸੇ ਵਿੱਚ ਵਜ਼ੀਰ ਖਾਨ ਮਸਜਿਦ ਹੈ, ਜੋ ਸੰਭਵ ਤੌਰ 'ਤੇ ਉੱਪ ਮਹਾਂਦੀਪ ਦੀ ਸਭ ਤੋਂ ਖ਼ੂਬਸੂਰਤ ਮਸਜਿਦ ਹੈ।

ਅਫਸੋਸ, ਹਿੰਦੁਸਤਾਨ ਦੀ ਵੰਡ ਵੇਲੇ ਫਿਰਕੂ ਜਨੂੰਨੀਆਂ ਨੇ ਵੱਡੀ ਗਿਣਤੀ ਲੋਕਾਂ ਨੂੰ ਅੱਗਾਂ ਲਾ ਕੇ ਸਾੜ ਦਿੱਤਾ ਅਤੇ ਇਸ ਹਿੱਸੇ ਨੂੰ ਸੀਲ ਕੀਤਾ ਹੋਣ ਕਾਰਨ ਲੋਕਾਂ ਨੂੰ ਬਚ ਨਿਕਲਣ ਦਾ ਮੌਕਾ ਨਾ ਮਿਲਿਆ। ਨੁਕਸਾਨ ਸ਼ਹਿਰ ਦੇ ਅੰਦਰੋਂ ਹੀ ਹੋਇਆ। ਪਾਕਿਸਤਾਨੀ ਕੱਪੜਾ ਬਾਜ਼ਾਰ ਦੀ ਹੋਂਦ ਇਸ ਦਾ ਸਬੂਤ ਹੈ ਕਿ ਕਿਵੇਂ ਅਸੀਂ ਆਪਣੀ ਬਿਹਤਰੀਨ ਵਿਰਾਸਤ ਨੂੰ ਮੁੜ ਉਸਾਰਨ ਵਿੱਚ ਕਾਮਯਾਬ ਹੋਏ ਹਾਂ, ਜਿਸ ਨੂੰ ਅਸੀਂ ਆਪਣੇ ਹੱਥੀਂ ਤਬਾਹ ਕਰ ਦਿੱਤਾ ਸੀ। ਮੁਗ਼ਲ ਕਾਲ ਵਿੱਚ ਲਾਹੌਰ ਸ਼ਹਿਰ ਦੁਆਲੇ ਨੌਂ ਮੀਟਰ ਉੱਚੀ ਕੰਧ ਬਣੀ ਹੋਈ ਸੀ, ਜਿਸ ਦੇ ਨਾਲ ਡੂੰਘੀ ਖਾਈ ਪੁੱਟੀ ਹੋਈ ਸੀ। ਸ਼ਹਿਰ ਅੰਦਰ ਵੜਨ ਲਈ 13 ਦਰਵਾਜ਼ੇ ਦਿੱਲੀ ਦਰਵਾਜ਼ਾ, ਰੌਸ਼ਨਾਈ ਦਰਵਾਜ਼ਾ, ਅਕਬਰੀ ਦਰਵਾਜ਼ਾ, ਯੱਕੀ ਦਰਵਾਜ਼ਾ, ਭੱਟੀ ਦਰਵਾਜ਼ਾ, ਸ਼ੇਰਾਂ ਵਾਲਾ ਦਰਵਾਜ਼ਾ, ਲੋਹਾਰੀ ਦਰਵਾਜ਼ਾ, ਕਸ਼ਮੀਰੀ ਦਰਵਾਜ਼ਾ, ਮੋਰੀ ਦਰਵਾਜ਼ਾ, ਮਸਤੀ ਦਰਵਾਜ਼ਾ, ਸ਼ਾਹ ਆਲਮ ਦਰਵਾਜ਼ਾ, ਟਕਸਾਲੀ ਦਰਵਾਜ਼ਾ, ਮੋਚੀ ਦਰਵਾਜ਼ਾ ਹੁੰਦੇ ਸਨ। ਅੱਜਕੱਲ੍ਹ ਇਨ੍ਹਾਂ ਵਿੱਚੋਂ ਛੇ ਦਰਵਾਜ਼ੇ ਬਚੇ ਹਨ। ਬਾਕੀ ਸਾਰੇ ਹਮਲਾਵਰਾਂ ਦੇ ਹਮਲਿਆਂ ਤੇ ਹੋਰ ਕਾਰਨਾਂ ਕਰ ਕੇ ਢਹਿ ਢੇਰੀ ਹੋ ਗਏ। ਇਸ ਸਭ ਦੇ ਬਾਵਜੂਦ ਲਾਹੌਰ ਦੇ ਦਰਵਾਜ਼ੇ ਏਨੇ ਪ੍ਰਸਿੱਧ ਹਨ ਕਿ ਇਨ੍ਹਾਂ ਬਾਬਤ ਗੀਤ ਵੀ ਲਿਖੇ ਗਏ। ਜਗਮੋਹਨ ਕੌਰ ਦਾ ਗਾਇਆ ਇਹ ਗੀਤ ਕਾਫੀ ਮਕਬੂਲ ਹੋਇਆ ਸੀ:

ਦਾਲ ਦੱਸ ਖਾਂ ਸ਼ਹਿਰ ਲਾਹੌਰ ਅੰਦਰ  
ਬਈ ਕਿੰਨੇ ਬੂਹੇ ਤੇ ਕਿੰਨੀਆਂ ਬਾਰੀਆਂ ਨੇ।  
ਨਾਲੇ ਦੱਸ ਖਾਂ ਉਥੋਂ ਦੀਆਂ ਇੱਟਾਂ,  
ਕਿੰਨੀਆਂ ਟੁੱਟੀਆਂ ਤੇ ਕਿੰਨੀਆਂ ਸਾਰੀਆਂ ਨੇ।







## ਐਨ ਆਈ ਏ ਅਦਾਲਤ ਵਿੱਚ ਬੱਬਰ ਖ਼ਾਲਸਾ ਵਾਲੇ ਤਿੰਨ ਦੋਸ਼ੀਆਂ ਦੇ ਖ਼ਿਲਾਫ਼ ਦੋਸ਼ ਤੈਅ

ਐਸ ਏ ਐਸ ਨਗਰ, 18 ਮਾਰਚ (ਪੋਸਟ ਬਿਊਰੋ)- ਕੌਮੀ ਜਾਂਚ ਏਜੰਸੀ (ਐਨ ਆਈ ਏ) ਵੱਲੋਂ ਘੱਲੂਘਾਰਾ ਦਿਵਸ ਵੇਲੇ ਪੰਜਾਬ 'ਚ ਵਿਸ਼ੇਸ਼ ਭਾਈਚਾਰੇ ਦੇ ਲੋਕਾਂ ਨੂੰ ਆਪਣਾ ਨਿਸ਼ਾਨਾ ਬਣਾਉਣ ਦੇ ਦੋਸ਼ ਵਿੱਚ ਨਾਮਜ਼ਦ ਜਗਦੇਵ ਸਿੰਘ ਪਿੰਡ ਤਲਾਣੀਆਂ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ, ਰਵਿੰਦਰਪਾਲ ਸਿੰਘ ਪਿੰਡ ਮਹਿਣਾ, ਮੋਗਾ ਤੇ ਹਰਚਰਨ ਸਿੰਘ ਦੇ ਖ਼ਿਲਾਫ਼ ਦੇਸ਼-ਵਿਰੋਧੀ ਕਾਰਵਾਈਆਂ ਦੇ ਕਾਨੂੰਨ ਦੇ ਤਹਿਤ ਅਦਾਲਤ ਵਿੱਚ ਦੋਸ਼ ਤੈਅ ਕਰ ਦਿੱਤੇ ਗਏ ਹਨ।

ਨਿਸ਼ਾਨ ਸਿੰਘ ਪੂਨੀਆ ਦੇ ਖ਼ਿਲਾਫ਼ ਐਨ ਆਈ ਏ ਵੱਲੋਂ ਚਾਰਜਸ਼ੀਟ ਦਾਖ਼ਲ ਨਾ ਕਰਨ ਉੱਤੇ ਅਦਾਲਤ ਨੇ ਉਸ ਨੂੰ ਕੇਸ 'ਚੋਂ ਡਿਸਚਾਰਜ ਕਰ ਦਿੱਤਾ ਹੈ। ਇਸ ਕੇਸ 'ਚ ਨਾਮਜ਼ਦ ਇੱਕ ਦੋਸ਼ੀ ਕੁਲਵਿੰਦਰਜੀਤ ਸਿੰਘ ਖਾਨਪੁਰੀਆ, ਜਿਸ ਦੇ ਬਾਰੇ ਕਿਹਾ ਜਾ ਰਿਹਾ ਹੈ ਕਿ ਵਿਦੇਸ਼ 'ਚ ਬੈਠਾ ਹੈ, ਨੂੰ ਭਗੌੜਾ ਕਰਾਰ ਦੇ ਦਿੱਤਾ ਗਿਆ ਹੈ।

ਇਸ ਬਾਰੇ ਬਚਾਅ ਪੱਖ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਨਿਸ਼ਾਨ ਸਿੰਘ ਜ਼ਮਾਨਤ 'ਤੇ



ਬਾਹਰ ਸੀ ਅਤੇ ਉਸ ਨੂੰ ਇਸ ਕੇਸ 'ਚ ਝੂਠਾ ਫਸਾਇਆ ਗਿਆ ਸੀ। ਉਨ੍ਹਾਂ ਦੱਸਿਆ ਕਿ ਇਸ ਕੇਸ 'ਚ ਨੌਂ ਅਪ੍ਰੈਲ ਤੋਂ ਸਰਕਾਰੀ ਧਿਰ ਦੀਆਂ ਗਵਾਹੀਆਂ ਕਰਾਉਣ ਲਈ ਅਦਾਲਤ ਨੇ ਸਬੰਧਿਤ ਗਵਾਹ ਨੂੰ ਸੰਮਨ ਕੱਢੇ ਹਨ। ਮਿਲੀ ਜਾਣਕਾਰੀ ਅਨੁਸਾਰ ਮਈ 2019 ਨੂੰ ਸਟੇਟ ਸਪੈਸ਼ਲ ਸੈਲ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੇ ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ ਮੈਂਬਰਾਂ ਜਗਦੇਵ ਸਿੰਘ ਤੇ ਰਵਿੰ-ਦਰਪਾਲ ਸਿੰਘ ਨੂੰ ਦੋ ਦੇਸੀ ਪਿਸਤੌਲਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਫਿਰ ਨਿਸ਼ਾਨ ਸਿੰਘ ਨੂੰ ਇੱਕ ਜੂਨ ਅਤੇ ਹਰਚਰਨ ਸਿੰਘ ਨੂੰ ਪੰਜ ਨੂੰ ਗ੍ਰਿਫ਼ਤਾਰ ਕੀਤਾ ਦਿਖਾਇਆ ਗਿਆ ਸੀ।

## ਕੇਂਦਰੀ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੂੰ ਪਤਾ ਹੈ ਕਿ ਖੇਤੀ ਕੀ ਹੁੰਦੀ ਹੈ?: ਕੈਪਟਨ ਅਮਰਿੰਦਰ

ਚੰਡੀਗੜ੍ਹ, 18 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਦੇਸ਼ ਵਿੱਚ ਕੋਰੋਨਾ ਵਾਇਰਸ ਦੇ ਕਾਰਨ ਭਾਰੀ ਆਰਥਿਕ ਮੰਦੀ ਦੇ ਹਾਲਾਤ ਬਣ ਸਕਦੇ ਹਨ ਅਤੇ ਉਹ ਦੇਸ਼ ਦੀ ਅਰਥ ਵਿਵਸਥਾ ਨੂੰ ਹੋਰ ਹੇਠਾਂ ਲੈ ਜਾਣਗੇ। ਸਥਿਤੀ ਪਹਿਲਾਂ ਹੀ ਖਰਾਬ ਹੈ ਅਤੇ ਜੇ ਕੋਰੋਨਾ ਵਾਇਰਸ ਦਾ ਪ੍ਰਭਾਵ ਵਧਿਆ ਤਾਂ ਹਾਲਾਤ ਹੋਰ ਵੀ ਖਰਾਬ ਹੋ ਸਕਦੇ ਹਨ। ਕੋਰੋਨਾ ਵਾਇਰਸ ਤੋਂ ਬਾਅਦ ਦੇ ਹਾਲਾਤ ਉਨ੍ਹਾਂ ਨੂੰ ਸੁਖਾਵੇਂ ਨਜ਼ਰ ਨਹੀਂ ਆ ਰਹੇ।

ਇਸ ਸੰਬੰਧ ਵਿੱਚ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਅਸੀਂ ਹਰ ਸੰਭਵ ਹਾਲਾਤ ਨਾਲ ਨਜਿੱਠਣ ਲਈ ਤਿਆਰ ਰਹਿਣਾ ਹੈ, ਸਾਨੂੰ ਇੱਕ ਦੂਜੇ ਨਾਲ ਹੱਥ ਮਿਲਾਉਣ ਦੀਆਂ ਪੁਰਾਣੀਆਂ ਆਦਤਾਂ ਛੱਡਣੀਆਂ ਪੈਣਗੀਆਂ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹਾਲਾਤ ਨਾਲ ਨਜਿੱਠਣ ਲਈ ਸਾਰੇ ਯਤਨ ਕੀਤੇ ਗਏ ਹਨ। ਲੋਕਾਂ ਨੇ ਖੁਦ ਵੀ ਸੁਚੇਤ ਰਹਿਣਾ ਤੇ ਸਾਵਧਾਨੀਆਂ ਵਰਤਣੀਆਂ ਹਨ ਅਤੇ ਭਾਰਤ ਸਰਕਾਰ ਤੇ ਵਿਸ਼ਵ ਸਿਹਤ ਸੰਗਠਨ ਵੱਲੋਂ ਦਿੱਤੇ ਗਏ ਸਾਰੇ



ਨਿਰਦੇਸ਼ਾਂ 'ਤੇ ਸਖਤੀ ਨਾਲ ਅਮਲ ਕਰਨ ਅਤੇ ਕਰਾਉਣ ਦੀ ਲੋੜ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਤੋਂ ਪੁੱਛਿਆ ਕਿ ਕੀ ਉਨ੍ਹਾਂ ਨੂੰ ਪਤਾ ਹੈ ਕਿ ਅਸਲ ਵਿੱਚ ਖੇਤੀ ਕੀ ਹੁੰਦੀ ਹੈ? ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਤਾਂ ਪੰਜਾਬ ਦੇ ਉਨ੍ਹਾਂ ਕਿਸਾਨਾਂ ਦਾ ਦਰਦ ਸਮਝਣ ਵਿੱਚ ਵੀ ਅਸਫਲ ਰਹੀ ਹੈ, ਜਿਨ੍ਹਾਂ ਨੇ ਪੂਰੇ ਦੇਸ਼ ਦਾ ਢਿੱਡ ਭਰਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪੀੜਤ ਕਿਸਾਨਾਂ ਦੀ ਜ਼ਮੀਨ ਦੀ ਕੁਰਕੀ ਨਹੀਂ ਹੋਣ ਦੇਵੇਗੀ, ਜੋ ਪਹਿਲਾਂ ਹੀ ਵੱਖ-ਵੱਖ ਲੋਕਾਂ ਦੇ ਕਾਰਨ ਕਰਜ਼ੇ ਅਤੇ ਜ਼ਮੀਨ ਦੇ ਨੀਲਾਮੀ ਦੇ ਚੱਕਰ ਵਿੱਚ ਫਸੇ ਹੋਏ ਹਨ। ਮੁੱਖ ਮੰਤਰੀ ਨੇ ਕੇਂਦਰ ਦੇ ਕਿਸਾਨਾਂ ਦੀ ਆਮਦਨੀ ਦੇ ਦਾਅਵਿਆਂ ਨੂੰ ਰੱਦ ਕਰਦਿਆਂ ਕਿਹਾ ਕਿ ਨਿਰਮਲਾ ਸੀਤਾਰਮਨ ਨੂੰ ਦੱਸਣਾ ਚਾਹੀਦਾ ਹੈ ਕਿ ਕੇਂਦਰ ਸਰਕਾਰ ਕਿਸਾਨਾਂ ਦੀ ਆਮਦਨ ਨੂੰ ਦੁੱਗਣਾ ਕਰਨ ਲਈ ਕੀ ਕਦਮ ਚੁੱਕ ਰਹੀ ਹੈ। ਪਹਿਲਾਂ ਖਜ਼ਾਨਾ ਮੰਤਰੀ ਸੀਤਾਰਮਨ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਕੀ ਕਿਸਾਨਾਂ ਦੀ ਫਸਲ ਦਾ ਇੱਕ ਇੱਕ ਦਾਣਾ ਚੁੱਕਿਆ ਜਾਵੇਗਾ ਤੇ ਗੋਦਾਮਾਂ ਵਿੱਚ ਬਰਬਾਦ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕਿਸਾਨਾਂ 'ਤੇ ਭਾਰੀ ਕਰਜ਼ਾ ਹੈ ਅਤੇ ਸਾਡੀ ਸਰਕਾਰ ਨੇ ਛੋਟੇ ਕਿਸਾਨਾਂ ਦਾ ਕਰਜ਼ਾ ਮੁਆਫ ਕੀਤਾ ਹੈ।

**ਕੋਰੋਨਾ ਦਾ ਅਸਰ**

## ਦਰਬਾਰ ਸਾਹਿਬ ਆਉਣ ਵਾਲੀ ਸੰਗਤ ਦੀ ਸ਼੍ਰੋਮਣੀ ਕਮੇਟੀ ਵੱਲੋਂ ਸਕਰੀਨਿੰਗ ਸ਼ੁਰੂ

ਅੰਮ੍ਰਿਤਸਰ, 18 ਮਾਰਚ (ਪੋਸਟ ਬਿਊਰੋ)- ਸੰਸਾਰ ਭਰ ਵਿਚ ਫੈਲੇ ਕੋਰੋਨਾ ਵਾਇਰਸ ਦੇ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੱਡਾ ਫੈਸਲਾ ਲੈਂਦੇ ਹੋਏ ਸਿਹਤ ਵਿਭਾਗ ਦੇ ਸਹਿਯੋਗ ਨਾਲ ਦਰਬਾਰ ਸਾਹਿਬ ਵਿੱਚ ਆਉਣ ਵਾਲੀਆਂ ਸੰਗਤਾਂ ਦੀ ਸਕਰੀਨਿੰਗ ਸ਼ੁਰੂ ਕਰ ਦਿੱਤੀ ਹੈ।

ਇਸ ਸੰਬੰਧ ਵਿੱਚ ਦਰਬਾਰ ਸਾਹਿਬ ਆਈਆਂ ਸੰਗਤਾਂ ਦਾ ਪਹਿਲਾਂ ਸਰੀਰਕ ਟੈਂਪਰੇਚਰ ਚੈੱਕ ਕੀਤਾ ਜਾਵੇਗਾ ਅਤੇ ਜੇ ਉਨ੍ਹਾਂ ਨੂੰ ਬੁਖਾਰ ਹੋਇਆ ਹੋਵੇਗਾ ਤਾਂ ਉਨ੍ਹਾਂ ਨੂੰ ਅੰਦਰ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਤੇ ਉਨ੍ਹਾਂ ਦਾ ਇਲਾਜ ਕਰਾਇਆ ਜਾਵੇਗਾ। ਇਸ ਦੀ ਸ਼ੁਰੂਆਤ ਹਰਮਿੰਦਰ ਸਾਹਿਬ ਦੇ ਮੁੱਖ ਦਰਵਾਜ਼ੇ ਉੱਤੇ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਚੀਫ ਸੈਕਟਰੀ



ਡਾਕਟਰ ਰੂਪ ਸਿੰਘ ਅਤੇ ਪੰਜਾਬ ਸਰਕਾਰ ਵਲੋਂ ਬਣਾਈ ਵਿਸ਼ੇਸ਼ ਮੈਡੀਕਲ ਟੀਮ ਨੇ ਅੱਜ ਇਸ ਕੈਂਪ ਦੀ ਸ਼ੁਰੂਆਤ ਕੀਤੀ ਹੈ। ਇਹ ਕੈਂਪ 24 ਘੰਟੇ ਚੱਲੇਗਾ। ਸ਼੍ਰੋਮਣੀ ਕਮੇਟੀ ਤੇ ਸਿਹਤ ਵਿਭਾਗ ਵੱਲੋਂ ਇੱਥੇ ਆਏ ਸ਼ਰਧਾਲੂਆਂ ਦੀ ਸਕਰੀਨਿੰਗ ਤੇ ਉਨ੍ਹਾਂ ਦੇ ਸੈਨੇਟਾਈਜ਼ਰ ਨਾਲ ਹੱਥ ਸਾਫ਼ ਕੀਤੇ ਜਾ ਰਹੇ ਹਨ ਤਾਂ ਜੋ ਇਸ ਬਿਮਾਰੀ ਤੋਂ ਚੌਕਸੀ ਵਿੱਚ ਕੋਈ ਕਮੀ ਨਾ ਰਹਿ ਜਾਵੇ। ਇਸ ਤੋਂ ਇਲਾਵਾ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਬੋਰਡ ਲਾ ਦਿੱਤਾ ਗਿਆ ਹੈ, ਇਸ ਦੇ ਨਾਲ ਵਿਸ਼ਵ ਸਿਹਤ ਸੰਗਠਨ ਦੀਆਂ ਹਿਦਾਇਤਾਂ ਦਾ ਪੂਰਾ ਧਿਆਨ ਰੱਖਿਆ ਜਾ ਰਿਹਾ ਹੈ।

## ਮਹਿੰਗੇ ਵਿਆਹ ਦੀ ਥਾਂ ਸਾਦਾ ਵਿਆਹ, ਲਾੜਾ ਸਕੂਟਰੀ ਉਤੇ ਲਾੜੀ ਨੂੰ ਲੈ ਆਇਆ



ਫਰੀਦਕੋਟ, 18 ਮਾਰਚ (ਪੋਸਟ ਬਿਊਰੋ)- ਅੱਜ ਕੱਲ੍ਹ ਹਰ ਕੋਈ ਆਪਣੇ ਵਿਆਹ ਨੂੰ ਯਾਦਗਾਰ ਬਣਾਉਣ ਲਈ ਕੁਝ ਨਾ ਕੁਝ ਵੱਖਰਾ ਕਰ ਰਿਹਾ ਹੈ। ਜਿੱਥੇ ਕਈ ਲੋਕ ਆਪਣੇ ਵਿਆਹ ਨੂੰ ਯਾਦਗਾਰ ਬਣਾਉਣ ਲਈ ਹੈਲੀਕਾਪਟਰ 'ਤੇ ਲਾੜੀ ਨੂੰ ਵਿਆਹੁਣ ਜਾ ਰਹੇ ਹਨ ਅਤੇ ਕਈ ਲੋਕ ਮਹਿੰਗੀਆਂ ਗੱਡੀਆਂ ਦੀ ਵਰਤੋਂ ਕਰ ਰਹੇ ਹਨ ਤਾਂ ਫਰੀਦਕੋਟ ਦੇ ਰਹਿਣ ਵਾਲੇ ਇੱਕ ਨੌਜਵਾਨ ਨੇ ਸਾਦਾ ਵਿਆਹ ਕਰ ਕੇ ਨਵੀਂ ਮਿਸਾਲ ਪੇਸ਼ ਕੀਤੀ ਹੈ।

ਫਰੀਦਕੋਟ ਵਿੱਚ ਲਾੜਾ ਸੁਖਦੇਵ ਸਿੰਘ ਆਪਣੀ ਲਾੜੀ ਨੂੰ ਵੱਖਰੇ ਅੰਦਾਜ਼ 'ਚ ਸਕੂਟਰ 'ਤੇ ਲੈ ਆਇਆ। ਸੁਖਦੇਵ ਸਿੰਘ ਨੇ ਸਾਧਾਰਨ ਵਿਆਹ ਦੀ ਮਿਸਾਲ ਪੇਸ਼ ਕੀਤੀ ਅਤੇ ਕੋਈ ਫਜ਼ੂਲ ਖਰਚਾ ਨਹੀਂ ਕੀਤਾ। ਆਪਣੀ ਲਾੜੀ ਨੂੰ ਵਿਆਹੁਣ ਲਈ ਉਹ ਪਰਵਾਰ ਦੇ ਸਿਰਫ ਪੰਜ ਜੀਅ ਨਾਲ ਲੈ ਕੇ ਗਿਆ। ਵਿਆਹ ਵਿੱਚ ਨਾ ਕੋਈ ਢੋਲ, ਨਾ ਘੋੜੀ ਅਤੇ ਨਾ ਮੈਰਿਜ ਪੈਲੇਸ ਕੀਤਾ ਗਿਆ। ਸੁਖਦੇਵ ਸਿੰਘ ਆਪਣੀ ਲਾੜੀ ਨੂੰ ਵਿਆਹੁਣ ਲਈ ਐਕਟਿਵਾ 'ਤੇ ਸਵਾਰ ਹੋ ਕੇ ਗਿਆ, ਹੋਰ ਬਰਾਤ ਵੀ ਸਕੂਟਰਾਂ 'ਤੇ ਗਈ। ਖਾਸ ਗੱਲ ਇਹ ਸੀ ਕਿ ਲਾੜੇ ਨੇ ਆਪਣੀ ਸਕੂਟਰੀ 'ਤੇ 'ਸਾਦੇ ਵਿਆਹ, ਸਾਦੇ ਭੋਗ...ਨਾ ਕਰਜ਼ਾ ਨਾ ਰੋਗ' ਲਿਖਵਾਇਆ ਤੇ ਦੂਜਿਆਂ ਨੂੰ ਸੁਨੇਹਾ ਵੀ ਦਿੱਤਾ। ਉਸ ਦਾ ਮੰਨਣਾ ਹੈ ਕਿ ਸਾਦਾ ਵਿਆਹ ਕਰਨ ਨਾਲ ਫਜ਼ੂਲ ਖਰਚੇ ਤੋਂ ਬੱਚਤ ਹੁੰਦੀ ਹੈ ਅਤੇ ਕਰਜ਼ੇ ਦਾ ਡਰ ਨਹੀਂ ਹੁੰਦਾ। ਉਸ ਦੀ ਪਤਨੀ ਵੀ ਪਤੀ ਦੇ ਫੈਸਲੇ ਤੋਂ ਖੁਸ਼ ਨਜ਼ਰ ਆਈ। ਉਨ੍ਹਾਂ ਕਿਹਾ ਕਿ ਮੈਂ ਸੋਚ ਕੇ ਰੱਖਿਆ ਸੀ ਕਿ ਆਪਣੇ ਵਿਆਹ ਵਿੱਚ 10 ਹਜ਼ਾਰ ਤੋਂ ਵੱਧ ਖਰਚਾ ਨਹੀਂ ਕਰਾਂਗਾ।

## ਪਤਨੀ ਦੇ ਪ੍ਰੇਮ ਸਬੰਧਾਂ ਤੋਂ ਦੁਖੀ ਹੋ ਕੇ ਖ਼ੁਦਕੁਸ਼ੀ ਕਰ ਲਈ

ਬਠਿੰਡਾ, 18 ਮਾਰਚ (ਪੋਸਟ ਬਿਊਰੋ)- ਪਿੰਡ ਬੱਲ੍ਹੂਆਣਾ ਦੇ ਇੱਕ ਨੌਜਵਾਨ ਨੇ ਪਤਨੀ ਦੇ ਨਾਜਾਇਜ਼ ਸਬੰਧਾਂ ਤੋਂ ਦੁਖੀ ਹੋ ਕੇ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ ਹੈ। ਉਸ ਦੀ ਪਛਾਣ ਧਰਮਿੰਦਰ ਸਿੰਘ ਉਰਫ ਭਿੰਦਰ ਪੁੱਤਰ ਗੁਰਨਾਮ ਸਿੰਘ ਵਾਸੀ ਪਿੰਡ ਬੱਲ੍ਹੂਆਣਾ ਵਜੋਂ ਹੋਈ ਹੈ। ਪੁਲਸ ਇਸ ਕੇਸ ਦੀ ਜਾਂਚ ਕਰ ਰਹੀ ਹੈ। ਬੱਲ੍ਹੂਆਣਾ ਪੁਲਸ ਚੌਕੀ ਦੇ ਇੰਚਾਰਜ ਸਬ ਇੰਸਪੈਕਟਰ ਜਸਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਕੱਲ੍ਹ ਦੇਰ ਸ਼ਾਮ ਸੂਚਨਾ ਮਿਲੀ ਸੀ ਕਿ ਪਿੰਡ ਬੱਲ੍ਹੂਆਣਾ ਦੇ ਧਰਮਿੰਦਰ ਸਿੰਘ ਨੇ ਆਪਣੇ ਘਰ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ ਹੈ। ਉਨ੍ਹਾ ਦੱਸਿਆ ਕਿ ਮ੍ਰਿਤਕ ਦੀ ਭੈਣ ਨੇ ਬਿਆਨ ਦਿੱਤੇ ਹਨ ਕਿ ਉਸ ਦੇ ਭਰਾ ਦਾ ਵਿਆਹ ਅੱਠ ਸਾਲ ਪਹਿਲਾਂ ਗਗਨਦੀਪ ਕੌਰ ਪਿੰਡ ਕਰਾਈ ਵਾਲਾ ਜ਼ਿਲ੍ਹਾ ਮੁਕਤਸਰ ਨਾਲ ਹੋਇਆ ਸੀ। ਵਿਆਹ ਪਿੱਛੋਂ ਉਨ੍ਹਾਂ ਦੇ ਘਰ ਦੋ ਲੜਕੀਆਂ ਨੇ ਜਨਮ ਲਿਆ। ਕੁਝ ਸਮਾਂ ਬਾਅਦ ਉਸ ਦੀ ਭਾਬੀ ਗਗਨਦੀਪ ਕੌਰ ਦੇ ਪਿੰਡ 'ਚ ਰਹਿਣ ਵਾਲੇ ਨਿੱਕੂ ਸਿੰਘ ਨਾਮ ਦੇ ਨੌਜਵਾਨ ਨਾਲ ਪ੍ਰੇਮ ਸੰਬੰਧ ਬਣ ਗਏ, ਜਿਸ ਪਤਾ ਲੱਗਣ ਉੱਤੇ ਧਰਮਿੰਦਰ ਨੇ ਆਪਣੀ ਪਤਨੀ ਨੂੰ ਇਸ ਤੋਂ ਵਰਜਿਆ ਤਾਂ ਘਰ ਵਿੱਚ ਕਲੇਸ਼ ਰਹਿਣ ਲੱਗ ਪਿਆ। ਇਸ ਕਾਰਨ ਤਿੰਨ ਚਾਰ ਮਹੀਨੇ ਪਹਿਲਾਂ ਗਗਨਦੀਪ ਆਪਣਾ ਘਰ ਛੱਡ ਕੇ ਪੇਕੇ ਚਲੀ ਗਈ, ਜਿਸ ਕਾਰਨ ਉਸ ਦਾ ਭਰਾ ਮਾਨਸਿਕ ਤੌਰ 'ਤੇ ਪਰੇਸ਼ਾਨ ਸੀ ਤੇ ਏਸੇ ਕਾਰਨ ਉਸ ਨੇ ਕੱਲ੍ਹ ਸ਼ਾਮ ਆਪਣੇ ਘਰ ਵਿੱਚ ਖ਼ੁਦਕੁਸ਼ੀ ਕਰ ਲਈ।

## ਜਾਅਲੀ ਸਰਟੀਫਿਕੇਟ ਰਾਹੀਂ ਅਧਿਆਪਕਾ ਬਣੀ ਫੜੀ ਗਈ

ਚਮਕੌਰ ਸਾਹਿਬ, 18 ਮਾਰਚ (ਪੋਸਟ ਬਿਊਰੋ)- ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ ਜ਼ਿਲ੍ਹੇ ਦੇ ਇੱਕ ਮਿਡਲ ਸਕੂਲ 'ਚ ਅੰਗਰੇਜ਼ੀ ਦੀ ਟੀਚਰ ਦੇ ਬਾਰ੍ਹਵੀਂ ਜਮਾਤ ਦੇ ਸਰਟੀਫਿਕੇਟ ਨੂੰ ਜਾਅਲੀ ਕਰਾਰ ਦੇ ਕੇ ਜ਼ਬਤ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਦੇ ਬਾਅਦ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਕਮਲਪ੍ਰੀਤ ਕੌਰ, ਜੋ ਸਾਲ 2010 'ਚ ਐਸ ਐਸ ਏ ਅਧੀਨ ਅੰਗਰੇਜ਼ੀ ਟੀਚਰ ਵਜੋਂ ਸਿੱਖਿਆ ਵਿਭਾਗ 'ਚ ਭਰਤੀ ਹੋਈ ਸੀ, ਅੱਜਕੱਲ੍ਹ ਨੇੜਲੇ ਸਰਕਾਰੀ ਮਿਡਲ ਸਕੂਲ ਕਾਈਨੌਰ ਵਿਖੇ ਸੇਵਾ ਨਿਭਾ ਰਹੀ ਸੀ। ਪੰਜਾਬ ਸਰਕਾਰ ਨੇ ਸਾਲ 2017 ਵਿੱਚ ਉਸ ਦੀਆਂ ਸੇਵਾਵਾਂ ਰੈਗੂਲਰ ਕਰਕੇ ਉਸ ਨੂੰ ਸਿੱਖਿਆ ਵਿਭਾਗ 'ਚ ਸ਼ਾਮਲ ਕਰ ਲਿਆ ਸੀ। ਇਨ੍ਹਾਂ ਰੈਗੂਲਰ ਹੁਕਮਾਂ ਦੀਆਂ ਸ਼ਰਤਾਂ ਅਨੁਸਾਰ ਸਕੂਲ ਦੇ ਪ੍ਰਿੰਸੀਪਲ ਵੱਲੋਂ ਉਸ ਦੇ ਦਸਵੀਂ ਅਤੇ ਬਾਰ੍ਹਵੀਂ ਦੇ ਸਰਟੀਫਿਕੇਟ ਵੈਰੀਫੀਕੇਸ਼ਨ ਲਈ ਬੋਰਡ ਨੂੰ ਭੇਜੇ ਸਨ, ਜਿੱਥੋਂ ਬੋਰਡ ਵੱਲੋਂ ਭੇਜੀ ਰਿਪੋਰਟ ਅਨੁਸਾਰ ਇਸ ਵਿਦਿਆਰਥਣ ਦੀ ਮਾਰਚ 2003 'ਚ ਕੈਮਿਸਟਰੀ ਵਿਸ਼ੇ ਦੀ ਕੰਪਾਰਟਮੈਂਟ ਸੀ ਅਤੇ ਬੋਰਡ ਨੇ ਮਾਰਚ 2004 ਤੱਕ ਇਹ ਕੰਪਾਰਟਮੈਂਟ ਕਲੀਅਰ ਕਰਨ ਦਾ ਮੌਕਾ ਦਿੱਤਾ ਸੀ, ਪ੍ਰੰਤੂ ਉਸ ਨੇ ਨੌਕਰੀ ਲੈਣ ਸਮੇਂ ਅਤੇ ਵੈਰੀਫੀਕੇਸ਼ਨ ਲਈ ਮਾਰਚ 2003 ਦਾ ਪਾਸ ਹੋਣ ਦਾ ਸਰਟੀਫਿਕੇਟ ਪੇਸ਼ ਕੀਤਾ ਸੀ, ਜਿਹੜਾ ਬੋਰਡ ਦੇ ਰਿਕਾਰਡ ਅਨੁਸਾਰ ਜਾਅਲੀ ਹੈ। ਬੋਰਡ ਨੇ ਇਸ ਸਰਟੀਫਿਕੇਟ ਨੂੰ ਜ਼ਬਤ ਕਰ ਲਿਆ ਹੈ। ਇਸ ਤਰ੍ਹਾਂ ਹੋਣ ਨਾਲ ਵਿਭਾਗ 'ਚ ਵੀ ਵੱਡੀ ਪੱਧਰ 'ਤੇ ਹਲਚਲ ਮਚ ਗਈ ਹੈ।

ਜ਼ਿਲ੍ਹਾ ਸਿੱਖਿਆ ਅਫ਼ਸਰ ਸ਼ਰਨਜੀਤ ਸਿੰਘ ਨੇ ਕਿਹਾ ਕਿ ਇਸ ਅਧਿਆਪਕਾ ਦੇ ਰੈਗੂਲਰ ਹੋਣ ਬਾਰੇ ਸਰਟੀਫਿਕੇਟ ਵੈਰੀਫੀਕੇਸ਼ਨ ਲਈ ਸਿੱਖਿਆ ਬੋਰਡ ਪੰਜਾਬ ਨੂੰ ਭੇਜੇ ਸਨ, ਪਰ ਬਾਰ੍ਹਵੀਂ ਜਮਾਤ ਦਾ ਸਰਟੀਫਿਕੇਟ ਜਾਅਲੀ ਹੋਣ ਕਾਰਨ ਜ਼ਬਤ ਹੋ ਗਿਆ ਹੈ। ਉਹ ਉਸ ਬਾਰੇ ਸਿੱਖਿਆ ਵਿਭਾਗ ਦੇ ਉਚ ਅਧਿਕਾਰੀਆਂ ਨੂੰ ਕਾਰਵਾਈ ਲਈ ਲਿਖ ਕੇ ਭੇਜਣਗੇ।

## ਬੇਅਦਬੀ ਕੇਸਾਂ ਦੇ ਦੋਸ਼ੀ ਡੇਰਾ ਸਿਰਸਾ ਪ੍ਰੇਮੀ ਸੁਪਰੀਮ ਕੋਰਟ ਪੁੱਜੇ

ਜਲੰਧਰ, 18 ਮਾਰਚ (ਪੋਸਟ ਬਿਊਰੋ)- ਪੰਜ ਸਾਲ ਪਹਿਲਾਂ ਪੰਜਾਬ 'ਚ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਾਲੇ ਛੇ ਕੇਸਾਂ ਦਾ ਸਾਹਮਣਾ ਕਰ ਰਹੇ ਡੇਰਾ ਸਿਰਸਾ ਦੇ ਦੋਸ਼ੀ ਪ੍ਰੇਮੀਆਂ ਨੇ ਸੁਪਰੀਮ ਕੋਰਟ 'ਚ ਰਿਟ ਦਾਇਰ ਕਰਕੇ ਮੰਗ ਕੀਤੀ ਹੈ ਕਿ ਉਨ੍ਹਾਂ ਦੇ ਕੇਸ ਸੁਣਵਾਈ ਲਈ ਪੰਜਾਬ ਤੋਂ ਬਾਹਰਲੀ ਅਦਾਲਤ 'ਚ ਤਬਦੀਲ ਕੀਤੀ ਜਾਵੇ। ਪਤਾ ਲੱਗਾ ਹੈ ਕਿ ਇਨ੍ਹਾਂ ਕੇਸਾਂ ਦਾ ਸਾਹਮਣਾ ਕਰ ਰਹੇ ਦੋਸ਼ੀਆਂ ਨੇ 11 ਫਰਵਰੀ ਨੂੰ ਸੁਪਰੀਮ ਕੋਰਟ ਵਿੱਚ ਅਰਜ਼ੀ ਦਾਇਰ ਕੀਤੀ ਸੀ ਤੇ ਅਦਾਲਤ ਨੇ ਇਨ੍ਹਾਂ ਕੇਸਾਂ ਦੇ ਸ਼ਿਕਾਇਤ ਕਰਤਾਵਾਂ ਨੂੰ ਪਾਰਟੀ ਬਣਾਏ ਜਾਣ ਦੀ ਥਾਂ ਰਾਜ ਸਰਕਾਰ ਨੂੰ 17 ਮਾਰਚ ਨੂੰ ਜਵਾਬ ਪੇਸ਼ ਕਰਨ ਦਾ ਨੋਟਿਸ ਜਾਰੀ ਕੀਤਾ ਸੀ।

ਵਰਨਣ ਯੋਗ ਹੈ ਕਿ 2015 ਵਿੱਚ ਮੋਗਾ ਜ਼ਿਲ੍ਹੇ ਦੇ ਪਿੰਡ ਮੱਲਕੇ, ਬਠਿੰਡਾ ਜ਼ਿਲ੍ਹੇ ਦੇ ਪਿੰਡ ਗੁਰੂਸਰ ਜਲਾਲ ਅਤੇ ਤਿੰਨ ਕੇਸ ਭਗਤਾ ਭਾਈਕਾ ਤੇ ਇੱਕ ਫ਼ਰੀਦਕੋਟ ਜ਼ਿਲ੍ਹੇ ਦੇ ਕੋਟਰਪੂਰਾ ਦਾ ਹੈ। ਇਹ ਸਾਰੇ ਕੇਸ ਡੀ ਆਈ ਜੀ, ਆਰ ਐਸ ਖੱਟੜਾ ਦੀ ਅਗਵਾਈ ਹੇਠ ਬਣੀ ਵਿਸ਼ੇਸ਼ ਜਾਂਚ ਟੀਮ ਦੀ ਪੜਤਾਲ ਦੇ ਆਧਾਰ ਉਪਰ ਦਰਜ ਹੋਏ ਸਨ। ਪਤਾ ਲੱਗਾ ਹੈ ਕਿ ਗੁਰੂਸਰ ਅਤੇ ਮੱਲਕੇ ਦੇ ਕੇਸਾਂ ਵਿੱਚ ਦੋਸ਼ੀਆਂ ਦੇ



ਖ਼ਿਲਾਫ਼ ਦੋਸ਼ ਆਇਦ ਹੋ ਚੁੱਕੇ ਹਨ ਅਤੇ ਫ਼ੈਸਲਿਆਂ ਦੇ ਨੇੜੇ ਹਨ। ਇਨ੍ਹਾਂ ਕੇਸਾਂ ਵਿੱਚ ਨਾਮਜ਼ਦ ਇੱਕ ਦੋਸ਼ੀ ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ ਦਾ ਨਾਭਾ ਜੇਲ੍ਹ 'ਚ ਕਤਲ ਹੋ ਚੁੱਕਾ ਹੈ ਅਤੇ ਬਾਕੀ ਸਾਰੇ ਦੋਸ਼ੀ ਇਸ ਸਮੇਂ ਜ਼ਮਾਨਤ ਉਤੇ ਬਾਹਰ ਹਨ।

ਪਿੰਡ ਮੱਲਕੇ ਦਾ ਬੇਅਦਬੀ ਕੇਸ ਦਰਜ ਕਰਾਉਣ ਵਾਲੇ ਸੇਵਕ ਸਿੰਘ ਨੂੰ ਸੁਪਰੀਮ ਕੋਰਟ 'ਚ ਪਟੀਸ਼ਨ ਬਾਰੇ ਮੋਗਾ ਅਦਾਲਤ ਵਿੱਚ ਸੁਣਵਾਈ ਵਾਲੇ ਦਿਨ ਪਤਾ ਲੱਗਾ ਹੈ। ਦੋਸ਼ੀਆਂ ਦੇ ਵਕੀਲ ਨੇ ਅਦਾਲਤ ਨੂੰ ਇਸ ਪਟੀਸ਼ਨ ਦੀ ਜਾਣਕਾਰੀ ਦਿੱਤੀ ਸੀ। ਇਨ੍ਹਾਂ ਕੇਸਾਂ ਵਿੱਚ ਸ਼ਿਕਾਇਤ ਕਰਤਾ ਧਿਰ ਦੇ ਵਕੀਲ ਗਗਨ ਪ੍ਰਦੀਪ ਸਿੰਘ ਬੱਲ ਨੇ ਦੱਸਿਆ ਕਿ ਦੋਸ਼ੀਆਂ ਨੇ ਜਾਣ ਬੁੱਝ ਕੇ ਉਨ੍ਹਾਂ ਨੂੰ ਪਾਰਟੀ ਨਹੀਂ ਬਣਾਇਆ ਅਤੇ ਸਿਰਫ਼ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਾਇਆ ਹੈ। ਬੱਲ ਨੇ ਕਿਹਾ ਕਿ ਇਨ੍ਹਾਂ ਕੇਸਾਂ ਵਿੱਚ ਅਦਾਲਤ ਨੇ ਅਜੇ ਤੱਕ ਕੋਈ ਸਟੇਅ ਨਹੀਂ ਦਿੱਤਾ ਅਤੇ ਜੇ ਲੋੜ ਪਈ ਤਾਂ ਉਹ ਧਿਰ ਬਣ ਕੇ ਕਾਨੂੰਨੀ ਚਾਰਾਜੋਈ ਕਰਨਗੇ। ਉਨ੍ਹਾਂ ਕਿਹਾ ਕਿ ਅਸੀਂ ਅਦਾਲਤ 'ਚ ਇਨ੍ਹਾਂ ਕੇਸਾਂ ਦੀ ਸੁਣਵਾਈ ਏਥੇ ਜਾਰੀ ਰੱਖਣ ਦੇ ਲਈ ਜ਼ੋਰ ਪਾਵਾਂਗੇ। ਸੁਪਰੀਮ ਕੋਰਟ ਨੇ ਉਕਤ ਕੇਸ ਪੰਜਾਬ ਤੋਂ ਬਾਹਰਲੀਆਂ ਅਦਾਲਤਾਂ ਵਿੱਚ ਭੇਜੇ ਜਾਣ ਦੀ ਦਰਖ਼ਾਸਤ ਉਪਰ ਪੰਜਾਬ ਸਰਕਾਰ ਨੂੰ 17 ਮਾਰਚ ਨੂੰ ਜਵਾਬ ਦੇਣ ਲਈ ਨੋਟਿਸ ਭੇਜਿਆ ਸੀ। ਪੰਜਾਬ ਦੇ ਐਡਵੋਕੇਟ ਜਨਰਲ ਦਫ਼ਤਰ ਦੇ ਸੂਤਰਾਂ ਨੇ ਦੱਸਿਆ ਕਿ ਨੋਟਿਸ ਦਾ ਅਜੇ ਤੱਕ ਜਵਾਬ ਨਹੀਂ ਭੇਜਿਆ ਅਤੇ ਕੋਰੋਨਾ ਵਾਇਰਸ ਦੇ ਕਹਿਰ ਕਾਰਨ ਸੁਪਰੀਮ ਕੋਰਟ 'ਚ ਸਿਰਫ਼ ਬਹੁਤ ਅਹਿਮ ਕੇਸਾਂ ਦੀ ਸੁਣਵਾਈ ਕਾਰਨ ਇਹ ਕੇਸ ਸੂਚੀ 'ਚ ਨਹੀਂ ਸੀ। ਚਰਚਾ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬੀਤੇ ਦਿਨ ਬੇਅਦਬੀ ਕੇਸਾਂ 'ਚ ਦੋਸ਼ੀਆਂ ਵਿਰੁੱਧ ਕੁਝ ਹੀ ਦਿਨਾਂ 'ਚ ਕਾਰਵਾਈ ਦਾ ਭਰੋਸਾ ਦਿੱਤਾ ਹੈ, ਪਰ ਬੇਅਦਬੀ ਦੇ ਪਹਿਲਾਂ ਚੱਲਦੇ ਕੇਸ ਦੂਜੇ ਰਾਜਾਂ ਵਿੱਚ ਜਾਣ ਤੋਂ ਰੋਕਣ ਲਈ ਐਡਵੋਕੇਟ ਜਨਰਲ ਦਫ਼ਤਰ ਵੱਲੋਂ ਜਵਾਬ ਦਾਅਵੇ ਵੀ ਤਿਆਰ ਨਾ ਕਰਨ ਨੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ।

## ਕਾਰ ਦੀ ਟੱਕਰ ਨਾਲ ਦਾਦੇ-ਪੋਤੀ ਦੀ ਮੌਤ, ਦਾਦੀ ਜ਼ਖਮੀ

ਆਦਮਪੁਰ, 18 ਮਾਰਚ (ਪੋਸਟ ਬਿਊਰੋ)- ਜਲੰਧਰ-ਹੁਸ਼ਿਆਰਪੁਰ ਮੇਨ ਰੋਡ 'ਤੇ ਪਿੰਡ ਮੰਡੇਰ ਦੇ ਨੇੜੇ ਕਾਰ ਵੱਲੋਂ ਟੱਕਰ ਮਾਰਨ ਨਾਲ ਕੱਲ੍ਹ ਸਾਈਕਲ ਸਵਾਰ ਦਾਦਾ ਅਤੇ ਪੋਤੀ ਦੀ ਮੌਤ ਹੋ ਗਈ ਤੇ ਦਾਦੀ ਜ਼ਖਮੀ ਹੋ ਗਈ। ਚੰਦਰ ਮੋਹਨ ਪੁੱਤਰ ਹਰਭਜਨ ਲਾਲ ਪਿੰਡ ਤਲਵੰਡੀ ਕਾਨੂੰਨਗੋ ਨੇ ਦੱਸਿਆ ਕਿ ਪੰਜਾਬ ਪੁਲਸ ਤੋਂ ਸੇਵਾ ਮੁਕਤ ਉਸ ਦੇ ਪਿਤਾ ਹਰਭਜਨ ਲਾਲ ਅਤੇ ਮਾਤਾ ਕਸ਼ਮੀਰ ਕੌਰ ਪਿੰਡ ਦੇ ਇੱਕ ਨਿੱਜੀ ਸਕੂਲ ਵਿੱਚ ਨਰਸਰੀ ਵਿੱਚ ਪੜ੍ਹਦੀ ਉਸ ਦੀ ਚਾਰ ਸਾਲ ਦੀ ਬੇਟੀ ਮੁਸਕਾਨ ਨੂੰ ਉਸ ਦੀ ਸਾਈਕਲ ਠੀਕ ਕਰਾਉਣ ਦੀ ਜ਼ਿੱਦ ਕਰਨ 'ਤੇ ਨਾਲ ਲੈ ਕੇ ਕਠਾਰ ਆਪਣੇ ਮੋਟਰ ਸਾਈਕਲ 'ਤੇ ਗਏ ਸਨ। ਉਨ੍ਹਾਂ ਨੂੰ ਹੁਸ਼ਿਆਰਪੁਰ ਵੱਲੋਂ ਆਈ ਤੇਜ਼ ਰਫਤਾਰ ਸਕੋਡਾ ਗੱਡੀ ਨੇ ਟੱਕਰ ਮਾਰ ਦਿੱਤੀ, ਜਿਸ ਨਾਲ ਉਸ ਦੇ ਪਿਤਾ ਹਰਭਜਨ ਲਾਲ ਦੀ ਮੌਕੇ 'ਤੇ ਮੌਤ ਹੋ ਗਈ ਤੇ ਉਸ ਦੀ ਬੇਟੀ ਮੁਸਕਾਨ ਨੇ ਹਸਪਤਾਲ ਲਿਜਾਂਦੇ ਸਮੇਂ ਦਮ ਤੋੜ ਦਿੱਤਾ। ਉਸ ਦੀ ਗੰਭੀਰ ਜ਼ਖਮੀ ਮਾਤਾ ਦਾ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਹਾਦਸੇ ਪਿੱਛੋਂ ਕਾਰ ਚਾਲਕ ਫਰਾਰ ਹੋ ਗਿਆ, ਪਰ ਲੋਕਾਂ ਨੇ ਪਿੱਛਾ ਕਰ ਕੇ ਵਾਹੋ-ਵਾਹੋ ਰੈਸਟੋਰੈਂਟ ਨੇੜੇ ਉਸ ਨੂੰ ਕਾਬੂ ਕਰ ਕੇ ਪੁਲਸ ਹਵਾਲੇ ਕਰ ਦਿੱਤਾ।

## ਅਦਾਲਤ 'ਚ ਨੌਕਰੀ ਦਿਵਾਉਣ ਦੇ ਨਾਂ ਉੱਤੇ ਲੱਖਾਂ ਦੀ ਠੱਗ

ਮੋਗਾ, 18 ਮਾਰਚ (ਪੋਸਟ ਬਿਊਰੋ)- ਪਿੰਡਾਂ ਦੇ ਬੇਰੁਜ਼ਗਾਰ ਲੜਕੇ ਤੇ ਲੜਕੀਆਂ ਨੂੰ ਸਥਾਨਕ ਜੁਡੀਸ਼ਲ ਅਦਾਲਤਾਂ ਵਿੱਚ ਨਿਕਲੀਆਂ ਅਸਾਮੀਆਂ ਵਿੱਚ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ ਇੱਕ ਵਿਅਕਤੀ ਨੇ ਲੱਖਾਂ ਰੁਪਏ ਦੀ ਠੱਗੀ ਮਾਰ ਲਈ। ਠੱਗੀ ਦੇ ਸ਼ਿਕਾਰ ਲੋਕਾਂ ਵੱਲੋਂ ਇਸ ਕੇਸ 'ਚ ਇਨਸਾਫ਼ ਲਈ ਜ਼ਿਲ੍ਹਾ ਪੁਲਸ ਮੁਖੀ ਹਰਮਨਬੀਰ ਸਿੰਘ ਗਿੱਲ ਦੇ ਦਫ਼ਤਰ 'ਚ ਜਾ ਕੇ ਮੰਗ ਪੱਤਰ ਦਿੱਤਾ ਹੈ ਅਤੇ ਜਾਂਚ ਦੀ ਮੰਗ ਕੀਤੀ ਹੈ।

ਠੱਗੀ ਦਾ ਸ਼ਿਕਾਰ ਪਿੰਡ ਚੂਹੜਚੱਕ ਵਾਸੀ ਗੁਰਤੇਜ ਸਿੰਘ ਪੁੱਤਰ ਮਹਿੰ-ਦਰਪਾਲ, ਗੁਰਪ੍ਰੀਤ ਕੌਰ ਪੁੱਤਰੀ ਗੁਰਚਰਨ ਸਿੰਘ, ਰਣਜੀਤ ਸਿੰਘ



ਪੁੱਤਰ ਚਮਕੌਰ ਸਿੰਘ, ਜਸ਼ਨਪ੍ਰੀਤ ਕੌਰ ਪੁੱਤਰੀ ਲੱਖਾ ਸਿੰਘ ਕੋਰੋਨੀ ਵਹਿਣੀਵਾਲ, ਅਮਨਦੀਪ ਕੌਰ ਪੁੱਤਰੀ ਚਮਕੌਰ ਸਿੰਘ ਰਾਮੂਵਾਲਾ ਕਲਾਂ, ਸੰਦੀਪ ਕੁਮਾਰ ਅਜੀਤਵਾਲ, ਸ਼ਾਹਿਦਾ ਰਾਣੀ ਨੇ ਐਸ ਐਸ ਪੀ ਦਫ਼ਤਰ ਦੇ ਬਾਹਰ ਦੱਸਿਆ ਕਿ ਜ਼ਿਲ੍ਹਾ ਲੁਧਿਆਣਾ ਦੇ ਫੇਹਡਕਾ ਦਾ ਇੱਕ ਵਿਅਕਤੀ ਖੁਦ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਸੀਨੀਅਰ ਐਡਵੋਕੇਟ ਦੱਸਦਾ ਹੈ। ਉਸ ਨੇ ਪੀੜਤਾਂ ਨੂੰ ਵੱਖ-ਵੱਖ ਜੁਡੀਸ਼ਲ ਅਦਾਲਤਾਂ ਵਿੱਚ ਅਸਾਮੀਆਂ ਉੱਤੇ ਭਰਤੀ ਕਰਵਾਉਣ ਦੇ ਨਾਂ ਉੱਤੇ 30 ਹਜ਼ਾਰ ਤੋਂ ਲੈ ਕੇ 60 ਹਜ਼ਾਰ ਰੁਪਏ ਤੱਕ ਪ੍ਰਤੀ ਅਸਾਮੀ ਪੈਸੇ ਲਏ ਪਰ ਕੋਈ ਨੌਕਰੀ ਨਹੀਂ ਦਿਵਾਈ। ਪੀੜਤਾਂ ਨੇ ਦੋਸ਼ ਲਾਇਆ ਕਿ ਉਹ ਆਦਮੀ ਉਨ੍ਹਾਂ ਨੂੰ ਬਕਾਇਦਾ ਇਨ੍ਹਾਂ ਅਸਾਮੀਆਂ ਦੀਆਂ ਵਰਦੀਆਂ ਵੀ ਦਿਵਾ ਕੇ ਉਨ੍ਹਾਂ ਨੂੰ ਧੋਖਾ ਦੇਣ ਲਈ ਵੱਖ-ਵੱਖ ਅਦਾਲਤਾਂ 'ਚ ਲਿਜਾਂਦਾ ਅਤੇ ਕਹਿੰਦਾ ਰਿਹਾ ਕਿ ਉਹ ਇਥੇ ਨੌਕਰੀ ਦਿਵਾਏਗਾ।

## 52 ਲੱਖ ਰੁਪਏ ਦੀਆਂ 1289 ਪੇਟੀਆਂ ਸ਼ਰਾਬ ਦਾ ਟਰੱਕ ਫੜ੍ਹਿਆ

ਫਿਲੌਰ, 18 ਮਾਰਚ (ਪੋਸਟ ਬਿਊਰੋ)- ਜਲੰਧਰ ਜ਼ਿਲੇ ਦੀ ਪੁਲਸ ਨੇ ਕੱਲ੍ਹ ਨਾਕਾਬੰਦੀ ਦੇ ਦੌਰਾਨ ਨਾਜਾਇਜ਼ ਸ਼ਰਾਬ ਨਾਲ ਭਰਿਆ ਟਰੱਕ ਫੜਿਆ, ਜਿਸ ਵਿੱਚ ਅੰਗਰੇਜ਼ੀ ਸ਼ਰਾਬ ਦੀਆਂ 1289 ਪੇਟੀਆਂ ਸਨ। ਇਸ ਦੀ ਕੀਮਤ 52 ਲੱਖ ਰੁਪਏ ਦੱਸੀ ਗਈ ਹੈ ਅਤੇ ਇਹ ਚੰਡੀਗੜ੍ਹ ਤੋਂ ਲਿਆ ਕੇ ਜਲੰਧਰ ਤੇ ਕਪੂਰਥਲਾ ਵਿੱਚ ਵੇਚੀ ਜਾਣੀ ਸੀ।

ਡੀ ਐੱਸ ਪੀ ਦਵਿੰਦਰ ਅੱਤਰੀ ਨੇ ਦੱਸਿਆ ਕਿ ਐੱਸ ਐੱਸ ਪੀ ਜਲੰਧਰ ਨਵਜੋਤ ਸਿੰਘ ਮਾਹਲ ਵੱਲੋਂ ਨਾਜਾਇਜ਼ ਸ਼ਰਾਬ ਦੀ ਤਸਕਰੀ ਰੋਕਣ ਲਈ ਚੰਡੀਗੜ੍ਹੋਂ ਆਉਂਦੇ ਦੋਵਾਂ ਮੁੱਖ ਮਾਰਗਾਂ ਲੁਧਿਆਣਾ-ਜਲੰਧਰ ਅਤੇ ਨਵਾਂ ਸ਼ਹਿਰ-ਫਿਲੌਰ ਉੱਤੇ 24 ਘੰਟੇ ਨਾਕਾਬੰਦੀ ਕਰਾਈ ਗਈ ਹੈ। ਥਾਣਾ ਮੁਖੀ ਸੁੱਖਾ ਸਿੰਘ ਦੀ ਅਗਵਾਈ ਵਿੱਚ ਸਬ ਇੰਸਪੈਕਟਰ ਬਖਸ਼ੀਸ਼ ਸਿੰਘ ਕੱਲ੍ਹ ਪੁਲਸ ਨਾਲ ਸਤਲੁਜ ਦਰਿਆ ਨੇੜੇ ਹਾਈਟੈੱਕ ਨਾਕੇ 'ਤੇ ਨਾਕਾਬੰਦੀ ਕਰ ਕੇ ਆਉਣ-ਜਾਣ ਵਾਲੀਆਂ ਗੱਡੀਆਂ ਦੀ



ਜਾਂਚ ਕਰ ਰਹੇ ਸਨ ਤਾਂ ਲੁਧਿਆਣਾ ਵੱਲੋਂ ਆਏ ਟਰੱਕ ਨੂੰ ਰੁਕਵਾ ਕੇ ਜਦ ਉਸ ਦੀ ਤਿਰਪਾਲ ਹਟਾਈ ਤਾਂ ਪੂਰਾ ਟਰੱਕ ਨਾਜਾਇਜ਼ ਸ਼ਰਾਬ ਦਾ ਭਰਿਆ ਸੀ। ਉਸ ਵਿੱਚ 1289 ਪੇਟੀਆਂ ਸ਼ਰਾਬ ਦੀਆਂ ਸਨ। ਪੁਲਸ ਨੇ ਦੋਸ਼ੀ ਨਰਿੰਦਰਪਾਲ ਸਿੰਘ ਪੁੱਤਰ ਕਰਨੈਲ ਸਿੰਘ ਪਿੰਡ ਭਿੰਡਰ ਖੁਰਦ ਥਾਣਾ ਧਰਮਕੋਟ ਜ਼ਿਲਾ ਮੋਗਾ ਉਤੇ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ। ਦੋਸ਼ੀ ਨੇ ਦੱਸਿਆ ਕਿ ਉਹ ਸ਼ਰਾਬ ਚੰਡੀਗੜ੍ਹ ਤੋਂ ਸਸਤੀ ਖਰੀਦ ਕਰ ਕੇ ਲਿਆਇਆ ਸੀ ਤੇ ਜਲੰਧਰ-ਕਪੂਰਥਲਾ ਵਿੱਚ ਵੇਚਣੀ ਸੀ।

## ਪੰਜ ਲੱਖ ਦਾ ਝੋਨ ਵੇਚਣ ਤੇ ਕਤਲ ਦੇ ਚਾਰ ਦੋਸ਼ੀ ਗ੍ਰਿਫਤਾਰ

ਧੂਰੀ, 18 ਮਾਰਚ (ਪੋਸਟ ਬਿਊਰੋ)- ਡੀ ਐੱਸ ਪੀ ਧੂਰੀ ਰਛਪਾਲ ਸਿੰਘ ਨੇ ਦੱਸਿਆ ਕਿ ਕਰੀਬ ਦੋ ਸਾਲ ਪਹਿਲਾਂ ਕਰੀਬ ਅੱਠ ਲੱਖ ਰੁਪਏ ਦਾ ਝੋਨੇ ਵੇਚਣ ਅਤੇ ਉਸ ਕੇਸ ਦੇ ਟਰੱਕ ਡਰਾਈਵਰ ਨੂੰ ਅਗਵਾ ਕਰ ਕੇ ਜਾਨੋਂ ਮਾਰਨ ਦੇ ਕੇਸ ਨੂੰ ਧੂਰੀ ਪੁਲਸ ਨੇ ਸੁਲਝਾ ਕੇ ਇਸ ਨਾਲ ਸੰਬੰਧਤ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ।

ਇਸ ਸੰਬੰਧ ਵਿੱਚ ਡੀ ਐਸ ਪੀ ਰਛਪਾਲ ਸਿੰਘ ਨੇ ਦੱਸਿਆ ਕਿ 25 ਨਵੰਬਰ 2018 ਨੂੰ ਨੂੰ ਅੱਠ ਲੱਖ ਰੁਪਏ ਦੇ ਕਰੀਬ ਝੋਨੇ ਦੇ 480 ਬੋਰੀਆਂ ਸਮੇਤ ਇੱਕ ਲਾਪਤਾ ਟਰੱਕ ਅਤੇ ਟਰੱਕ ਡਰਾਈਵਰ ਦੇ ਸ਼ੱਕ ਹਾਲਤ ਵਿੱਚ ਕਤਲ ਦੇ ਕੇਸ ਦੀ ਜਾਂਚ ਦੌਰਾਨ ਧੂਰੀ ਪੁਲਸ ਦੇ ਚੌਕੀ ਰਣੀਕੇ ਦੇ ਇੰਚਾਰਜ ਪ੍ਰਿਤਪਾਲ ਸਿੰਘ ਨੇ ਲੋੜੀਂਦੇ ਪੰਜਾਂ ਵਿੱਚੋਂ ਚਾਰ ਜਣਿਆਂ ਨੂੰ ਕਾਬੂ ਕੀਤਾ ਹੈ। ਉਨ੍ਹਾਂ ਦੱਸਿਆ ਕਿ ਹਰਪ੍ਰੀਤ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਬੁਢਲਾਡਾ ਦੇ ਬਿਆਨਾਂ ਤਹਿਤ ਪ੍ਰਗਟ ਸਿੰਘ ਵਾਸੀ ਨੰਦਗੜ੍ਹ ਅਤੇ ਟਰੱਕ ਡਰਾਈਵਰ ਬਲਵਿੰਦਰ ਸਿੰਘ ਵਾਸੀ ਨੰਦਗੜ੍ਹ ਵਿਰੁੱਧ ਅੱਠ ਲੱਖ ਰੁਪਏ ਦੇ ਝੋਨੇ ਸਮੇਤ ਧੂਰੀ ਨੇੜੇ ਫੈਕਟਰੀ ਵਿੱਚ ਲਿਆਉਣ ਪਿੱਛੋਂ ਸਮੇਤ ਟਰੱਕ ਲਾਪਤਾ ਹੋਣ ਉਤੇ ਕੇਸ ਦਰਜ ਕੀਤਾ ਗਿਆ ਸੀ। ਜਾਂਚ ਦੌਰਾਨ ਪਤਾ ਲੱਗਾ ਕਿ ਕੰਡਕਟਰ ਪ੍ਰਗਟ ਸਿੰਘ, ਬਿੰਦਰ ਸਿੰਘ ਅਤੇ ਪ੍ਰਸ਼ੋਤਮ ਸਿੰਘ ਅਤੇ ਰਮੇਸ਼ ਮੇਸੀ ਨੇ ਡਰਾਈਵਰ ਬਲਵਿੰਦਰ ਸਿੰਘ ਨੂੰ ਪ੍ਰਸ਼ੋਤਮ ਸਿੰਘ ਦੀ ਮੋਟਰ 'ਤੇ ਬੰਦੀ ਬਣਾ ਕੇ ਬੱਲੋਕੇ ਨਹਿਰ ਵਿੱਚ ਸੁੱਟ ਦਿੱਤਾ ਤੇ ਝੋਨੇ ਨੂੰ ਵੇਚ ਕੇ ਰਕਮ ਆਪਸ ਵਿੱਚ ਵੰਡ ਲਈ ਸੀ। ਉਕਤ ਮਾਮਲੇ ਵਿੱਚ ਰਮੇਸ਼ ਮੇਸੀ ਦੀ ਗ੍ਰਿਫਤਾਰੀ ਬਾਕੀ ਹੈ।

## ਲੁਟੇਰਿਆਂ ਨੇ ਫਾਇਨੈਂਸ ਕੰਪਨੀ ਦੇ ਕਾਇੰਦੇ ਤੋਂ ਡੇਢ ਲੱਖ ਲੁੱਟੇ

ਭੋਗਪੁਰ, 18 ਮਾਰਚ (ਪੋਸਟ ਬਿਊਰੋ)- ਕੱਲ੍ਹ ਏਥੋਂ ਨੇੜੇ ਮੋਟਰਸਾਈਕਲ ਉੱਤੇ ਸਵਾਰ ਦੋ ਲੁਟੇਰਿਆਂ ਨੇ ਇੱਕ ਫਾਈਨੈਂਸ ਕੰਪਨੀ ਦੇ ਕਰਜ਼ੇ ਦੀ ਕਿਸਤਾਂ ਦੀ ਉਗਾਹੀ ਕਰਕੇ ਆ ਰਹੇ ਕਰਮਚਾਰੀ ਤੋਂ ਡੇਢ ਲੱਖ ਰੁਪਏ ਲੁੱਟ ਲਏ। ਮਿਲੀ ਜਾਣਕਾਰੀ ਅਨੁਸਾਰ ਮਿਡਲ ਐਂਡ ਮਾਈਕਰੋ ਫਾਇਨੈਂਸ ਕੰਪਨੀ ਜਲੰਧਰ ਦਾ ਇੱਕ ਕਾਰਿੰਦਾ ਅਸ਼ੋਕ ਕੁਮਾਰ ਜਲੰਧਰ ਤੋਂ ਭੋਗਪੁਰ ਨੈਸ਼ਨਲ ਹਾਈਵੇ 'ਤੇ ਪੈਂਦੇ ਪਿੰਡਾਂ ਵਿੱਚੋਂ ਲੋਕਾਂ ਵੱਲੋਂ ਕੰਪਨੀ ਤੋਂ ਲਏ ਕਰਜ਼ੇ ਦੀਆਂ ਕਿਸ਼ਤਾਂ ਦੁ ਲਈ ਭੋਗਪੁਰ ਦੇ ਪਿੰਡ ਲੁਹਾਰਾਂ ਤੇ ਚਾਹੜਕੇ ਆਦਿ ਤੋਂ ਪੈਸਾ ਇਕੱਠਾ ਕਰਕੇ ਵਾਪਸ ਆਪਣੇ ਮੋਟਰਸਾਈਕਲ 'ਤੇ ਜਲੰਧਰ ਲਈ ਰਵਾਨਾ ਹੋਇਆ ਸੀ। ਉਹ ਜਦ ਪਿੰਡ ਲੁਹਾਰਾਂ ਤੋਂ ਭੋਗਪੁਰ ਵੱਲਂ ਜਾ ਰਿਹਾ ਸੀ ਤਾਂ ਅਚਾਨਕ ਇੱਕ ਹੋਰ ਮੋਟਰਸਾਈਕਲ 'ਤੇ ਸਵਾਰ ਦੋ ਲੁਟੇਰਿਆਂ, ਨੇ ਅਚਾਨਕ ਉਸ ਦੇ ਮੋਟਰਸਾਈਕਲ ਅੱਗੇ ਆਪਣਾ ਮੋਟਰਸਾਈਕਲ ਰੋਕ ਦਿੱਤਾ ਅਤੇ ਅਸ਼ੋਕ ਕੁਮਾਰ ਤੋਂ ਪੈਸਿਆਂ ਦਾ ਥੈਲਾ ਖੋਹ ਲਿਆ ਜਿਸ ਵਿੱਚ ਡੇਢ ਲੱਖ ਰੁਪਏ ਦੇ ਕਰੀਬ ਸਨ। ਲੁਟੇਰੇ ਜਾਂਦੇ ਹੋਏ ਅਸ਼ੋਕ ਕੁਮਾਰ ਦਾ ਮੋਬਾਈਲ ਫੋਨ ਵੀ ਖੋਹ ਕੇ ਲੈ ਗਏ। ਇਸ ਵਾਰਦਾਤ ਦੀ ਜਾਣਕਾਰੀ ਥਾਣਾਂ ਭੋਗਪੁਰ ਪੁਲਸ ਨੂੰ ਦਿੱਤੀ ਗਈ ਹੈ। ਥਾਣਾਂ ਭੋਗਪੁਰ ਦੇ ਮੁਖੀ ਜਰਨੈਲ ਸਿੰਘ ਵਾਰਦਾਤ ਵਾਲੀ ਜਗ੍ਹਾ 'ਤੇ ਪਹੁੰਚੇ ਅਤੇ ਉਨ੍ਹਾਂ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।



# ਹਿੰਦੀ ਨੂੰ 'ਰਾਸ਼ਟਰ ਭਾਸ਼ਾ' ਬਣਾਉਣ ਬਾਰੇ ਲੋਕ ਸਭਾ 'ਚ ਹੰਗਾਮਾ

ਨਵੀਂ ਦਿੱਲੀ, 18 ਮਾਰਚ (ਪੋਸਟ ਬਿਊਰੋ)- ਪਾਰਲੀਮੈਂਟ ਦੇ ਹੇਠਲੇ ਸਦਨ ਲੋਕ ਸਭਾ ਵਿੱਚ ਕੱਲ੍ਹ ਨੂੰ ਓਦੋਂ ਭਾਰੀ ਹੰਗਾਮਾ ਹੋਇਆ ਜਦੋਂ ਭਾਜਪਾ ਦੇ ਇੱਕ ਪਾਰਲੀਮੈਂਟ ਮੈਂਬਰ ਨੇ ਹਿੰਦੀ ਨੂੰ ਰਾਸ਼ਟਰ ਭਾਸ਼ਾ ਬਣਾਉਣ ਦਾ ਮੁੱਦਾ ਚੁੱਕਿਆ। ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਨੇ ਇਸ 'ਤੇ ਕੋਈ ਸਾਫ ਬਿਆਨ ਨਹੀਂ ਦਿੱਤਾ, ਪਰ ਸਦਨ 'ਚ ਮੌਜੂਦ ਤਾਮਿਲ ਨਾਡੂ, ਕੇਰਲ ਅਤੇ ਪੰਜਾਬ ਦੇ ਵਿਰੋਧੀ ਧਿਰ ਦੇ ਪਾਰਲੀਮੈਂਟ ਮੈਂਬਰਾਂ ਨੇ ਇਸ ਦਾ ਵਿਰੋਧ ਕਰਦਿਆਂ ਸਦਨ ਤੋਂ ਵਾਕਆਊਟ ਕਰ ਦਿੱਤਾ, ਜਦ ਕਿ ਤ੍ਰਿਣਮੂਲ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਇਸ 'ਚ ਸ਼ਾਮਲ ਨਹੀਂ ਹੋਏ। ਭਾਜਪਾ ਨੇਤਾ ਅਰਵਿੰਦ ਕੁਮਾਰ ਸ਼ਰਮਾ ਨੇ ਜਦੋਂ ਹਿੰਦੀ ਨੂੰ ਰਾਸ਼ਟਰੀ ਭਾਸ਼ਾ ਬਣਾਉਣ ਬਾਰੇ ਸਵਾਲ ਪੁੱਛਿਆਂ ਤਾਂ ਗ੍ਰਹਿ ਰਾਜ ਮੰਤਰੀ ਨੇ ਇਸ ਨੂੰ ਨੇਮ ਕਾਨੂੰਨ ਨਾਲ ਲਾਗੂ ਕਰਨ ਦੀ ਥਾਂ ਪ੍ਰੇਰਨਾ, ਕੋਸ਼ਿਸ਼ ਤੇ ਉਤਸ਼ਾਹ ਰਾਹੀਂ ਲੋਕਾਂ ਦੇ ਮਨਾਂ 'ਚ ਸਥਾਪਿਤ ਕਰਨ ਨੂੰ ਕਿਹਾ। ਮੰਤਰੀ ਨੇ ਵਿਰੋਧੀ ਧਿਰ ਵੱਲੋਂ ਇਤਰਾਜ ਕਰਨ ਉੱਤੇ ਕਿਹਾ ਕਿ ਸਰਕਾਰ ਇਸ ਨੂੰ ਕਿਸੇ 'ਤੇ ਥੋਪ ਨਹੀਂ ਰਹੀ। ਉਨ੍ਹਾਂ ਕਿਹਾ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਸਦਨ 'ਚ ਸਪੱਸ਼ਟ ਕਰ ਚੁੱਕੇ ਹਨ ਕਿ ਜਿਸ ਰਾਜ ਦੀ ਪਹਿਲੀ ਮਾਤ ਭਾਸ਼ਾ ਹੋਰ ਹੋਵੇਗੀ, ਉਥੇ ਹਿੰਦੀ ਭਾਸ਼ਾ ਥੋਪੀ ਨਹੀਂ ਜਾਵੇਗੀ। ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਵਿਰੋਧੀ ਧਿਰ ਦੇ ਮੈਂਬਰਾਂ ਨੂੰ



ਸਵਾਲ ਨਾ ਪੁੱਛਣ ਦੇਣ ਉਤੇ ਸਖ਼ਤ ਪ੍ਰਤੀਕਰਮ ਦੇਂਦਿਆਂ ਕਿਹਾ ਕਿ ਭਾਸ਼ਾ ਦਾ ਮੁੱਦਾ ਤਾਮਿਲ ਨਾਡੂ ਦੇ ਲੋਕਾਂ ਦੇ ਦਿਲ ਦੇ ਕਾਫ਼ੀ ਕਰੀਬ ਹੈ।

ਵਰਨਣ ਯੋਗ ਹੈ ਕਿ ਰਾਹੁਲ ਗਾਂਧੀ ਨੇ ਪਰਸੋਂ ਵੀ ਲੋਕ ਸਭਾ ਵਿੱਚ ਦੇਸ਼ ਦੇ ਸਭ ਤੋਂ ਵੱਡੇ 50 ਡਿਫਾਲਟਰਾਂ ਬਾਰੇ ਸਵਾਲ ਪੁੱਛਿਆ ਸੀ, ਜਿਸ ਪਿੱਛੋਂ ਉਨ੍ਹਾਂ ਨੂੰ ਦੂਜਾ ਸਪਲੀਮੈਂਟਰੀ ਸਵਾਲ ਨਹੀਂ ਪੁੱਛਣ ਦਿੱਤਾ ਗਿਆ ਸੀ। ਰਾਹੁਲ ਗਾਂਧੀ ਨੇ ਪਾਰਲੀਮੈਂਟ ਤੋਂ ਬਾਹਰ ਮੀਡੀਆ ਅੱਗੇ ਇਸ ਨੂੰ ਉਨ੍ਹਾਂ ਦੇ ਪਾਰਲੀਮੈਂਟ ਮੈਂਬਰ ਦੇ ਹੱਕ ਤੋਂ ਵਾਂਝੇ ਕਰਨ ਦੀ ਕੋਸ਼ਿਸ਼ ਕਰਾਰ ਦਿੱਤਾ ਸੀ। ਸਪੀਕਰ ਓਮ ਬਿਰਲਾ ਨੇ ਕੱਲ੍ਹ ਅਸਿੱਧੇ ਢੰਗ ਨਾਲ ਰਾਹੁਲ ਗਾਂਧੀ ਦੇ ਇਤਰਾਜ਼ ਦਾ ਜਵਾਬ ਵੀ ਦਿੱਤਾ। ਪ੍ਰਸ਼ਨ ਕਾਲ ਦੌਰਾਨ ਜਦੋਂ ਇੱਕੋ ਸਵਾਲ ਬਾਰੇ ਕਈ ਪਾਰਲੀਮੈਂਟ ਮੈਂਬਰ ਹੋਰ ਸਵਾਲ ਕਰਨਾ ਚਾਹੁੰਦੇ ਸਨ ਤਾਂ ਸਪੀਕਰ ਨੇ ਕਿਹਾ ਕਿ ਜੇ ਇੱਕ ਸਵਾਲ 'ਤੇ 10-15 ਮਿੰਟ ਲੱਗਣਗੇ ਤਾਂ ਬਾਕੀ ਸਵਾਲਾਂ ਲਈ ਸਮਾਂ ਨਹੀਂ ਬਚੇਗਾ। ਫਿਰ ਅਸਿੱਧੇ ਤੌਰ ਉਤੇ ਰਾਹੁਲ ਗਾਂਧੀ ਦੇ ਬਿਆਨ ਬਾਰੇ ਕਿਹਾ ਕਿ ਬਾਹਰ ਜਾ ਕੇ ਇੱਕ ਮੈਂਬਰ ਨੇ ਚੇਅਰ ਉੱਤੇ ਸਵਾਲ ਉਠਾਏ ਹਨ ਕਿ ਉਨ੍ਹਾਂ ਨੂੰ ਸਵਾਲ ਨਹੀਂ ਪੁੱਛਣ ਦਿੱਤੇ ਗਏ। ਕੱਲ੍ਹ ਰਾਹੁਲ ਗਾਂਧੀ ਦੀ ਅਗਵਾਈ ਹੇਠ ਭਾਸ਼ਾ ਦੇ ਮੁੱਦੇ ਉਤੇ ਸਦਨ 'ਚੋਂ ਵਿਰੋਧੀ ਧਿਰਾਂ (ਕਾਂਗਰਸ ਡੀ ਐਮ ਕੇ ਅਤੇ ਐਮ ਪੀ ਸੀ) ਦੇ ਵਾਕਆਊਟ ਤੋਂ ਬਾਅਦ ਵਾਇਨਾਡ ਤੋਂ ਕਾਂਗਰਸੀ ਪਾਰਲੀਮੈਂਟ ਮੈਂਬਰ ਨੇ ਫਿਰ ਵਿਰੋਧੀ ਧਿਰਾਂ ਨਾਲ ਹੋਣ ਵਾਲੇ ਵਿਤਕਰੇ ਦੀ ਗੱਲ ਕੀਤੀ। ਉਨ੍ਹਾਂ ਨੇ ਪੱਤਰਕਾਰਾਂ ਨੂੰ ਕਿਹਾ ਕਿ ਪਾਰਲੀਮੈਂਟ ਮੈਂਬਰਾਂ ਵਜੋਂ ਉਨ੍ਹਾਂ ਨੂੰ ਭਾਵੇਂ ਨਹੀਂ ਬੋਲਣ ਦਿੱਤਾ ਜਾਂਦਾ, ਪਰ ਤਾਮਿਲ ਨਾਡੂ ਦੇ ਵਾਸੀਆਂ ਦੇ ਹਿਤਾਂ ਨੂੰ ਅਣਗੌਲਣਾ ਉਹ ਬਰਦਾਸ਼ਤ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਤਾਮਿਲ ਨਾਡੂ ਦੇ ਲੋਕਾਂ ਨੂੰ ਉਨ੍ਹਾਂ ਦੀ ਭਾਸ਼ਾ ਦੀ ਰੱਖਿਆ ਕਰਨ ਦਾ ਪੂਰਾ ਹੱਕ ਹੈ।

## ਸੁਪਰੀਮ ਕੋਰਟ ਵੱਲੋਂ ਸਮੁੰਦਰੀ ਫੌਜ 'ਚ ਔਰਤਾਂ ਨੂੰ ਪੱਕਾ ਕਮਿਸ਼ਨ ਦੇਣ ਨੂੰ ਪ੍ਰਵਾਨਗੀ




ਨਵੀਂ ਦਿੱਲੀ, 18 ਮਾਰਚ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਸਮੁੰਦਰੀ ਫੌਜ ਵਿੱਚ ਔਰਤਾਂ ਲਈ ਪੱਕਾ ਕਮਿਸ਼ਨ ਦੇਣ ਨੂੰ ਪ੍ਰਵਾਨਗੀ ਦੇ ਦਿੱਤੀ ਹੈ ਤਾਂ ਜੋ ਮਹਿਲਾ ਅਤੇ ਪੁਰਸ਼ ਅਫ਼ਸਰਾਂ ਵਿੱਚ ਸਮਾਨਤਾ ਰੱਖੀ ਜਾ ਸਕੇ। ਉਨ੍ਹਾਂ ਕੇਂਦਰ ਸਰਕਾਰ ਨੂੰ ਆਦੇਸ਼ ਦਿੱਤਾ ਕਿ ਇਸ ਬਾਰੇ ਪ੍ਰਕਿਰਿਆ ਤਿੰਨ ਮਹੀਨਿਆਂ ਦੇ ਅੰਦਰ ਮੁਕੰਮਲ ਕਰ ਲਈ ਜਾਵੇ।

ਜਸਟਿਸ ਡੀ ਵਾਈ ਚੰਦਰਚੂੜ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਹਥਿਆਰਬੰਦ ਬਲਾਂ ਵਿੱਚ ਲਿੰਗ ਸਮਾਨਤਾ ਨੂੰ ਮਨਜ਼ੂਰੀ ਨਾ ਦੇਣ ਦੀ ਕੋਈ ਖ਼ਾਸ ਵਜ੍ਹਾ ਨਹੀਂ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰ ਲਈ ਸੇਵਾਵਾਂ ਨਿਭਾਉਣ ਵਾਲੀਆਂ ਮਹਿਲਾ ਅਫ਼ਸਰਾਂ ਨੂੰ ਪੱਕੇ ਕਮਿਸ਼ਨ ਦੇਣ ਤੋਂ ਇਨਕਾਰ ਕਰਨਾ ਅਦਾਲਤ ਦੀ ਗ਼ਲਤੀ ਹੋਵੇਗੀ। ਬੈਂਚ ਵਿੱਚ ਸ਼ਾਮਲ ਜਸਟਿਸ ਅਜੈ ਰਸਤੋਗੀ ਨੇ ਕੇਂਦਰ ਦੀ ਉਸ ਦਲੀਲ ਨੂੰ ਰੱਦ ਕਰ ਦਿੱਤਾ ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਸਮੁੰਦਰੀ ਫੌਜ ਵਿੱਚ ਐਸ ਐਸ ਸੀ (ਸ਼ਾਰਟ ਸਰਵਿਸ ਕਮਿਸ਼ਨ) ਮਹਿਲਾ ਅਫ਼ਸਰਾਂ ਨੂੰ ਸਮੁੰਦਰੀ ਆਵਾਜਾਈ ਨਾਲ ਸਬੰਧਿਤ ਗਤੀਵਿਧੀਆਂ ਵਿੱਚ ਹਿੱਸਾ ਲੈਣ ਦੀ ਮਨਜ਼ੂਰੀ ਨਹੀਂ ਦਿੱਤੀ ਜਾ ਸਕਦੀ ਕਿਉਂਕਿ ਰੂਸੀ ਜਹਾਜ਼ਾਂ ਵਿੱਚ ਟਾਇਲੇਟਸ ਨਹੀਂ ਹੁੰਦੇ।

ਵਰਨਣ ਯੋਗ ਹੈ ਕਿ ਕੇਂਦਰ ਸਰਕਾਰ ਦੀ 1991 ਅਤੇ 1998 ਦੀ ਨੀਤੀ ਮੁਤਾਬਕ ਸਮੁੰਦਰੀ ਫੌਜ ਵਿੱਚ ਮਹਿਲਾ ਅਫ਼ਸਰਾਂ ਦੀ ਭਾਗੀਦਾਰੀ ਉਤੇ ਸੰਵਿਧਾਨਿਕ ਤੌਰ 'ਤੇ ਰੋਕ ਲਾਈ ਹੋਈ ਸੀ। ਅਦਾਲਤ ਨੇ ਇਹ ਪਾਬੰਦੀ ਹਟਾ ਕੇ ਮਹਿਲਾ ਅਫ਼ਸਰਾਂ ਨੂੰ ਸਮੁੰਦਰੀ ਫੌਜ ਵਿੱਚ ਪੱਕਾ ਕਮਿਸ਼ਨ ਦੇ ਦਿੱਤਾ ਹੈ। ਇਸ ਦੇ ਨਾਲ ਮਹਿਲਾ ਅਫ਼ਸਰਾਂ ਲਈ ਪੈਨਸ਼ਨ ਦੇ ਲਾਭ ਦੇਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਅਦਾਲਤ ਨੇ ਕਿਹਾ ਕਿ ਪੱਕੇ ਕਮਿਸ਼ਨ ਨੂੰ ਮਨਜ਼ੂਰੀ ਦੇਣ ਨਾਲ ਮਹਿਲਾ ਅਤੇ ਪੁਰਸ਼ ਅਫ਼ਸਰਾਂ ਵਿਚਾਲੇ ਭੇਦ-ਭਾਵ ਦੀ ਪ੍ਰਵਿਰਤੀ ਖ਼ਤਮ ਹੋ ਜਾਵੇਗੀ।

# ਕੋਰੋਨਾ ਦਾ ਅਸਰ; ਬਹੁਤੇ ਪਾਰਲੀਮੈਂਟ ਮੈਂਬਰਾਂ ਨੇ ਪਾਰਲੀਮੈਂਟ ਤੋਂ ਦੂਰੀ ਬਣਾਈ

ਨਵੀਂ ਦਿੱਲੀ, 18 ਮਾਰਚ (ਪੋਸਟ ਬਿਊਰੋ)- ਕੋਰੋਨਾ ਵਾਇਰਸ ਤੋਂ ਬਚਾਅ ਲਈ ਪਾਰਲੀਮੈਂਟ ਦੇ ਬਾਹਰ ਤੇ ਅੰਦਰ ਸਾਰੇ ਕਦਮ ਚੁੱਕੇ ਗਏ ਹਨ। ਇਸ ਦੇ ਬਾਵਜੂਦ ਦੋਵਾਂ ਸਦਨਾਂ 'ਚ ਪਾਰਲੀਮੈਂਟ ਮੈਂਬਰਾਂ ਦੀ ਹਾਜ਼ਰੀ ਲਗਾਤਾਰ ਘੱਟ ਹੁੰਦੀ ਜਾਂਦੀ ਹੈ। ਕੱਲ੍ਹ ਦੋਵੇਂ ਸਦਨਾਂ 'ਚ ਸਿਰਫ਼ ਗਿਣਤੀ ਦੇ ਹੀ ਮੈਂਬਰ ਮੌਜੂਦ ਸਨ।

ਵਰਨਣ ਯੋਗ ਹੈ ਕਿ ਕੋਰੋਨਾ ਤੋਂ ਬਚਾਅ ਲਈ ਪਾਰਲੀਮੈਂਟ ਭਵਨ ਦੇ ਪੂਰੇ ਕੰਪਲੈਕਸ ਸਮੇਤ ਅੰਦਰੂਨੀ ਹਿੱਸੇ ਨੂੰ ਵੀ ਲਗਾਤਾਰ ਸੈਨੇਟਾਈਜ਼ ਕੀਤਾ ਜਾ ਰਿਹਾ ਹੈ। ਕੰਪਲੈਕਸ 'ਚ ਦਾਖ਼ਲ ਹੋਣ ਵਾਲੇ ਹਰ ਵਿਅਕਤੀ ਦੀ ਥਰਮਲ ਸਕਰੀਨਿੰਗ ਕਰਾਈ ਜਾ ਰਹੀ ਹੈ ਅਤੇ ਉਨ੍ਹਾਂ ਦੇ ਹੱਥ ਵੀ ਸੈਨੇਟਾਈਜ਼ਰ ਨਾਲ ਸਾਫ਼ ਕਰਾਉਣ ਦੇ ਨਾਲ ਮਾਸਕ ਦਿੱਤੇ ਜਾ ਰਹੇ ਹਨ। ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੇ ਕੱਲ੍ਹ ਕੋਰੋਨਾ ਤੋਂ ਬਚਾਅ ਲਈ ਪਾਰਲੀਮੈਂਟ ਭਵਨ ਦੇ ਪ੍ਰਬੰਧਾਂ ਦੀ ਸਮੀਖਿਆ ਕੀਤੀ। ਸਿਹਤ ਮੰਤਰਾਲਾ, ਕੇਂਦਰੀ ਲੋਕ ਨਿਰਮਾਣ ਵਿਭਾਗ ਤੇ ਦੂਜੀਆਂ ਏਜੰਸੀਆਂ ਦੇ ਵੱਡੇ ਅਧਿਕਾਰੀਆਂ ਨਾਲ ਬੈਠਕ 'ਚ ਉਨ੍ਹਾਂ ਨੇ ਜ਼ਰੂਰੀ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ ਹਨ। ਇਸ ਦੇ ਬਾਵਜੂਦ ਪਾਰਲੀਮੈਂਟ ਮੈਂਬਰਾਂ 'ਚ ਡਰ ਹੈ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਸਮੇਤ ਕਈ ਮੈਂਬਰਾਂ ਵੱਲੋਂ ਪਾਰਲੀਮੈਂਟ ਦੇ ਮੌਜੂਦਾ ਸੈਸ਼ਨ ਦੀ ਸਮਾਂ ਘਟਾਉਣ ਦੀ ਮੰਗ ਉਠਾਈ ਜਾ ਚੁੱਕੀ ਹੈ, ਜਦ ਕਿ ਸਰਕਾਰ ਨੇ ਸਾਫ਼ ਕੀਤਾ ਹੈ ਕਿ ਅਜਿਹੀ ਕੋਈ ਤਜਵੀਜ਼ ਨਹੀਂ ਹੈ। ਦਲੀਲ ਇਹ ਹੈ ਕਿ ਇਸ ਤਰ੍ਹਾਂ ਡਰ ਦਾ ਮਾਹੌਲ ਬਣੇਗਾ। ਸੂਤਰਾਂ ਮੁਤਾ-ਬਕ ਮੰਨਿਆ ਜਾ ਰਿਹਾ ਹੈ ਕਿ ਸਦਨ ਮੁਲਤਵੀ ਨਾ ਕਰਨ ਦਾ ਫ਼ੈਸਲਾ ਸਿਆਸੀ ਵੀ ਹੈ। ਮੱਧ ਪ੍ਰਦੇਸ਼ 'ਚ ਕਮਲਨਾਥ ਸਰਕਾਰ ਨੇ ਕੋਰੋਨਾ ਦੀ ਆੜ ਵਿੱਚ ਸਦਨ 26 ਮਾਰਚ ਤੱਕ ਮੁਲਤਵੀ ਕਰਵਾ ਦਿੱਤਾ ਹੈ। ਜੇ ਪਾਰਲੀਮੈਂਟ ਦੀ ਕਾਰਵਾਈ ਮੁਲਤਵੀ ਕੀਤੀ ਜਾਂਦੀ ਹੈ ਤਾਂ ਕਮਲਨਾਥ ਸਰਕਾਰ ਨੂੰ ਮਜ਼ਬੂਤੀ ਮਿਲੇਗੀ।

## ਤਿੰਨ ਦਿਨ ਤੱਕ ਚੱਲੇਗਾ ਬਜਟ ਸੈਸ਼ਨ

ਨਵੀਂ ਦਿੱਲੀ, 18 ਮਾਰਚ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੱਲ੍ਹ ਭਾਜਪਾ ਦੇ ਪਾਰਲੀਮੈਂਟ ਮੈਂਬਰਾਂ ਨੂੰ ਕੋਰੋਨਾ ਵਾਇਰਸ ਦੇ ਬਾਰੇ ਜਾਗਰੂਕਤਾ ਫੈਲਾਉਣ ਦਾ ਸੱਦਾ ਦਿੱਤਾ ਅਤੇ ਸਪੱਸ਼ਟ ਕੀਤਾ ਕਿ ਪਾਰਲੀਮੈਂਟ ਦੇ ਬਜਟ ਸੈਸ਼ਨ 'ਚ ਕੋਈ ਕਟੌਤੀ ਨਹੀਂ ਕੀਤੀ ਜਾਵੇਗੀ। ਉਨ੍ਹਾਂ ਨੇ ਕੁਝ ਪਾਰਲੀਮੈਂਟ ਮੈਂਬਰਾਂ ਦੇ ਪ੍ਰਤੀ ਨਿਰਾਸ਼ਾ ਪ੍ਰਗਟਾਈ ਜਿਹੜੇ ਕੋਰੋਨਾ ਵਾਇਰਸ ਕਾਰਨ ਮੌਜੂਦਾ ਸੈਸ਼ਨ 'ਚ ਕਟੌਤੀ ਕਰਨ ਦੀ ਮੰਗ ਕਰ ਰਹੇ ਹਨ।

ਪ੍ਰਧਾਨ ਮੰਤਰੀ ਨੇ ਭਾਜਪਾ ਪਾਰਲੀਮੈਂਟਰੀ ਦਲ ਦੀ ਬੈਠਕ ਵਿੱਚ ਕਿਹਾ ਕਿ ਅਜਿਹੇ ਸਮੇਂ 'ਚ ਜਦੋਂ ਸਿਹਤ ਸਬੰਧੀ ਵੱਡੀ ਚੁਣੌਤੀ ਸਾਮਹਣੇ ਹੈ ਤਾਂ ਪਾਰਲੀਮੈਂਟ ਮੈਂਬਰਾਂ ਨੂੰ ਆਪਣਾ ਕੰਮ ਕਰਦੇ ਦਿੱਸਣਾ ਚਾਹੀਦਾ ਹੈ। ਉਨ੍ਹਾਂ ਨੇ ਭਾਜਪਾ ਪਾਰਲੀਮੈਂਟ ਮੈਂਬਰਾਂ ਨੂੰ ਕਿਹਾ ਕਿ ਕੱਲ੍ਹ ਜਦੋਂ ਉਹ ਆਪਣੇ ਖੇਤਰ ਵਿੱਚ ਜਾਣ ਤਾਂ ਕੋਰੋਨਾ ਵਾਇਰਸ ਦੇ ਬਾਰੇ ਜਾਗਰੂਕਤਾ ਫੈਲਾਉਣ ਦਾ ਕੰਮ ਕਰਨ। ਮੋਦੀ ਨੇ ਕੋਰੋਨਾ ਵਾਇਰਸ ਦੇ ਖ਼ਤਰੇ ਨਾਲ ਨਿਪਟਣ 'ਚ ਡਾਕਟਰਾਂ ਤੇ ਨਰਸਾਂ ਸਮੇਤ ਮੈਡੀਕਲ ਮੁਲਾਜ਼ਮਾਂ ਦੀ ਭੂਮਿਕਾ ਤੇ ਜਾਗਰੂਕਤਾ ਫੈਲਾਉਣ ਲਈ ਮੀਡੀਆ ਦੀ ਸ਼ਲਾਘਾ ਕਰਦੇ ਹੋਏ ਸਭ ਨੂੰ ਚੌਕਸ ਕਰਨ ਲਈ ਕਿਹਾ। ਇਸ ਦੌਰਾਨ ਜਾਣਕਾਰ ਸੂਤਰਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਭਾਜਪਾ ਪਾਰਲੀਮੈਂਟ ਮੈਂਬਰਾਂ ਨੂੰ ਛੋਟੇ-ਛੋਟੇ ਗਰੁੱਪਾਂ ਵਿੱਚ ਲੋਕਾਂ 'ਚ ਜਾਗਰੂਕਤਾ ਫੈਲਾਉਣ ਤੇ 15 ਅਪ੍ਰੈਲ ਤੱਕ ਕੋਈ ਵਿਰੋਧ ਪ੍ਰਦਸ਼ਨ ਕਰਨ ਤੋਂ ਬਚਣ ਦੀ ਸਲਾਹ ਦਿੱਤੀ ਹੈ। ਪਾਰਲੀਮੈਂਟਰੀ ਕਾਰਜ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਬੈਠਕ ਪਿੱਛੋਂ ਪੱਤਰਕਾਰਾਂ ਨੂੰ ਕਿਹਾ ਕਿ ਬਜਟ ਸੈਸ਼ਨ ਦੀ ਮਿਆਦ ਘੱਟ ਨਹੀਂ ਕੀਤੀ ਜਾਵੇਗੀ ਤੇ ਇਹ ਪਹਿਲਾਂ ਮਿਥੇ ਮੁਤਾਬਕ ਤਿੰਨ ਅਪ੍ਰੈਲ ਤੱਕ ਚੱਲੇਗੀ।

## ਜਸਟਿਸ ਗੋਗੋਈ ਦੀ ਸਫਾਈ

# ਨਿਆਂ ਪਾਲਿਕਾ ਤੇ ਵਿਧਾਨ ਪਾਲਿਕਾ 'ਚ ਤਾਲਮੇਲ ਬਿਠਾਉਣ ਲਈ ਰਾਜ ਸਭਾ ਦੀ ਮੈਂਬਰੀ ਸਵੀਕਾਰੀ

ਗਹਾਟੀ, 18 ਮਾਰਚ (ਪੋਸਟ ਬਿਊਰੋ)- ਰਾਜ ਸਭਾ ਲਈ ਨਾਮਜ਼ਦਗੀ ਪ੍ਰਵਾਨ ਕਰਨ ਕਰਕੇ ਵਿਰੋਧੀ ਧਿਰਾਂ ਤੇ ਆਪਣੇ ਹੀ ਸਾਬਕਾ ਸਾਥੀਆਂ ਦੇ ਨਿਸ਼ਾਨੇ 'ਤੇ ਆਏ ਭਾਰਤ ਦੇ ਸਾਬਕਾ ਚੀਫ਼ ਜਸਟਿਸ ਰੰਜਨ ਗੋਗੋਈ ਨੇ ਕੱਲ੍ਹ ਇਸ ਬਾਰੇ ਕਿਹਾ ਕਿ ਉਨ੍ਹਾਂ ਇਸ ਪੇਸ਼ਕਸ਼ ਨੂੰ ਹਾਂ ਇਸ ਲਈ ਕੀਤੀ ਕਿ ਉਨ੍ਹਾਂ ਦੀ ਇੱਛਾ ਹੈ ਕਿ ਰਾਸ਼ਟਰ ਨਿਰਮਾਣ ਲਈ ਵਿਧਾਨ ਪਾਲਿਕਾ ਅਤੇ ਨਿਆਂ ਪਾਲਿਕਾ ਮਿਲ ਕੇ ਕੰਮ ਕਰਨ। ਜਸਟਿਸ ਗੋਗੋਈ ਨੇ ਰਾਜ ਸਭਾ ਮੈਂਬਰ ਵਜੋਂ ਸਹੁੰ ਚੁੱਕਣ ਮਗਰੋਂ ਕਿਹਾ ਕਿ ਉਹ ਇਸ ਮੁੱਦੇ, ਜਿਸ ਲਈ ਉਨ੍ਹਾਂ ਤੇ ਮੋਦੀ ਸਰਕਾਰ 'ਤੇ ਹਮਲੇ ਕੀਤੇ ਜਾ ਰਹੇ ਹਨ, ਬਾਰੇ ਬਾਅਦ ਵਿੱਚ ਬੋਲਣਗੇ।



ਅਸਮ ਦੇ ਇੱਕ ਨਿਊਜ਼ ਚੈਨਲ ਨਾਲ ਗੱਲਬਾਤ ਕਰਦਿਆਂ ਜਸਟਿਸ ਗੋਗੋਈ ਨੇ ਕਿਹਾ, ''ਮੈਂ ਰਾਜ ਸਭਾ ਲਈ ਨਾਮਜ਼ਦਗੀ ਦੀ ਪੇਸ਼ਕਸ਼ ਸਵੀਕਾਰ ਕੀਤੀ, ਕਿਉਂਕਿ ਮੈਨੂੰ ਪੱਕਾ ਯਕੀਨ ਸੀ ਕਿ ਵਿਧਾਨ ਪਾਲਿਕਾ ਅਤੇ ਨਿਆਂ ਪਾਲਿਕਾ ਨੂੰ ਕਿਸੇ ਨਾ ਕਿਸੇ ਮੋੜ 'ਤੇ ਰਾਸ਼ਟਰ ਨਿਰਮਾਣ ਦੇ ਲਈ ਮਿਲ ਕੇ ਕੰਮ ਕਰਨਾ ਹੋਵੇਗਾ। ਪਾਰਲੀਮੈਂਟ ਵਿੱਚ ਮੇਰੀ ਮੌਜੂਦਗੀ ਨਿਆਂ ਪਾਲਿਕਾ ਦੇ ਵਿਚਾਰਾਂ ਨੂੰ ਵਿਧਾਨ ਪਾਲਿਕਾ ਅਤੇ ਨਿਆਂ ਪਾਲਿਕਾ ਵਿੱਚ ਅਤੇ ਵਿਧਾਨ ਪਾਲਿਕਾ ਦੇ ਨਜ਼ਰੀਏ ਨੂੰ ਨਿਆਂ ਪਾਲਿਕਾ ਅੱਗੇ ਰੱਖਣ ਦਾ ਮੌਕਾ ਹੋਵ-ੇਗਾ।'

ਵਰਨਣ ਯੋਗ ਹੈ ਕਿ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਪਰਸੋਂ ਸਾਬਕਾ ਚੀਫ ਜਸਟਿਸ ਗੋਗੋਈ ਨੂੰ ਪਾਰਲੀਮੈਂਟ ਦੇ ਉਪਰਲੇ ਸਦਨ ਰਾਜ ਸਭਾ ਲਈ ਨਾਮਜ਼ਦ ਕੀਤਾ ਸੀ। ਕਾਂਗਰਸ ਤੇ ਹੋਰ ਵਿਰੋਧੀ ਪਾਰਟੀਆਂ ਨੇ ਸੇਵਾ ਮੁਕਤੀ ਤੋਂ ਮਸਾਂ ਚਾਰ ਮਹੀਨਿਆਂ ਅੰਦਰ ਜਸਟਿਸ ਗੋਗੋਈ ਨੂੰ ਰਾਜ ਸਭਾ ਲਈ ਨਾਮਜ਼ਦ ਕੀਤੇ ਜਾਣ 'ਤੇ ਇਤਰਾਜ਼ ਕੀਤਾ ਸੀ। ਕਾਂਗਰਸ ਦੇ ਮੁੱਖ ਬੁਲਾਰੇ ਰਣਦੀਪ ਸੁਰਜੇਵਾਲਾ ਨੇ ਸਾਬਕਾ ਕਾਨੂੰਨ ਮੰਤਰੀ ਅਰੁਣ ਜੇਤਲੀ ਵੱਲੋਂ ਜੱਜਾਂ ਦੀ ਸੇਵਾ ਮੁਕਤੀ ਮਗਰੋਂ 'ਕੂਲਿੰਗ ਆਫ਼ ਪੀਰੀਅਡ' ਦੀ ਵਕਾਲਤ ਦੇ ਹਵਾਲੇ ਨਾਲ ਮੋਦੀ ਸਰਕਾਰ ਦੀ ਇਸ ਪੇਸ਼ਕਸ਼ ਦਾ ਵਿਰੋਧ ਕਰਦਿਆਂ ਤਨਜ਼ ਕੱਸਿਆ ਕਿ ਕੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੋਗੋਈ ਨੂੰ ਨਾਮਜ਼ਦ ਕਰਨ ਤੋਂ ਪਹਿਲਾਂ ਮਰਹੂਮ ਕਾਨੂੰਨ ਮੰਤਰੀ ਦੀ ਸਲਾਹ 'ਤੇ ਗੌਰ ਕੀਤਾ ਸੀ। ਕਾਂਗਰਸ ਦੇ ਇੱਕ ਹੋਰ ਬੁਲਾਰੇ ਅਭਿਸ਼ੇਕ ਸਿੰਘਵੀ ਨੇ ਕਿਹਾ ਕਿ ਮੋਦੀ ਨੂੰ ਜੇਤਲੀ ਵੱਲੋਂ ਦਿੱਤੀ ਸਲਾਹ 'ਤੇ ਧਿਆਨ ਧਰਨਾ ਚਾਹੀਦਾ ਸੀ। ਜਸਟਿਸ ਗੋਗਈ 13 ਮਹੀਨਿਆਂ ਲਈ ਭਾਰਤ ਦੇ ਚੀਫ਼ ਜਸਟਿਸ ਰਹੇ ਸਨ ਤੇ ਇਸ ਦੌਰਾਨ ਉਨ੍ਹਾਂ ਰਾਮ ਜਨਮ ਭੂਮੀ ਬਾਬਰੀ ਮਸਜਿਦ ਸਮੇਤ ਹੋਰ ਕਈ ਅਹਿਮ ਫੈਸਲੇ ਸੁਣਾਏ।

# ਭਾਰਤੀਆਂ ਵਿੱਚ ਨੀਂਦ ਦੀ ਕਮੀ ਦਾ ਪ੍ਰਮੁੱਖ ਕਾਰਨ ਸਮਾਰਟਫੋਨ



ਬੇਂਗਲੁਰ, 18 ਮਾਰਚ (ਪੋਸਟ ਬਿਊਰੋ)- 92 ਪ੍ਰਤੀਸ਼ਤ ਭਾਰਤੀ ਲੋਕ ਸੌਣ ਤੋਂ ਪਹਿਲਾ ਆਪਣੇ ਸਮਾਰਟਫੋਨ ਚੈਕ ਕਰਦੇ ਹਨ। ਇੱਕ ਨਵੇ ਅਧਿਐਨ ਵਿੱਚ ਸਾਹਮਣੇ ਆਇਆ ਕਿ ਡਿਜੀਟਲ ਸੇਵਾ ਨੀਂਦ ਵਿੱਚ ਰੁਕਵਾਟ ਬਣ ਕੇ ਉਭਰੀ ਹੈ ਅਤੇ ਲੋਕਾਂ ਦੀ ਸਿਹਤ ਉੱਤੇ ਉਲਟਾ ਪ੍ਰਭਾਵ ਪਾ ਰਹੀ ਹੈ।

ਗ੍ਰੇਟ ਇੰਡੀਅਨ ਸਲੀਪ ਸਕੋਰ ਕਾਰਡ, 2020 ਨੇ ਕਿਹਾ ਕਿ ਅਧਿਐਨ ਦੇ ਲਈ ਇਕੱਠੀ ਕੀਤੀਆਂ 50,000 ਪ੍ਰਤੀਕਿਰਿਆਵਾਂ ਵਿੱਚੋਂ 54 ਪ੍ਰਤੀਸ਼ਤ ਨੇ ਕਿਹਾ ਕਿ ਉਨ੍ਹਾਂ ਨੇ ਦੇਰ ਰਾਤ ਸੋਸ਼ਲ ਮੀਡੀਆ ਤੇ ਓਵਰ-ਦ-ਟਾਪ (ਓ ਟੀ ਟੀ) ਪਲੇਟਫਾਰਮਾਂ ਵਿੱਚ ਸ਼ਾਮਲ ਹੋ ਕੇ ਆਪਣੀ ਨੀਂਦ ਖ਼ਰਾਬ ਕੀਤੀ। ਅਧਿਐਨ ਵਿੱਚ ਲੱਗਭਗ ਇੱਕ-ਤਿਹਾਈ ਲੋਕਾਂ ਨੇ ਇਹ ਮੰਨ ਲਿਆ ਕਿ ਡਿਜੀਟਲ ਜੰਤਰਾਂ ਤੋਂ ਬਚਣ ਨਾਲ ਉਨ੍ਹਾਂ ਦੀ ਨੀਂਦ ਦੀ ਗੁਣਵਤਾ ਵਿੱਚ ਸੁਧਾਰ ਹੋਇਆ ਜ਼ੂ।

ਵੇਕਫਿਟ ਨਾਲ ਮੋਢੀ ਅਤੇ ਨਿਰਦੇਸ਼ਕ ਚੈਤਨਏ ਰਾਮਾਵਿੰਗਗੌੜ੍ਹਾ ਨੇ ਕਿਹਾ ਕਿ ਜੀਵਨਸ਼ੈਲੀ ਕਾਰਨ ਲੋਕਾਂ ਦੀ ਨੀਂਦ ਪ੍ਰਭਾਵਿਤ ਹੋ ਰਹੀ ਹੈ ਜਿਸ ਕਾਰਨ ਰੋਗ ਨਾਲ ਲੜਨ ਦੀ ਸਮਰੱਥਾ ਅਤੇ ਮਨੋਦਸ਼ਾ ਪ੍ਰਭਾਵਿਤ ਹੁੰਦੀ ਅਤੇ ਮੋਟਾ-ਪਾ, ਸ਼ੂਗਰ ਅਤੇ ਹਾਈ ਬਲੱਡ ਪ੍ਰੈਸ਼ਰ ਵਰਗੀਆਂ ਪੁਰਾਣੀ ਜੀਵਨ ਸ਼ੈਲੀ ਦੀ ਬਿਮਾਰੀਆਂ ਦੀ ਸੰਭਾਵਨਾ ਵਧ ਜਾਂਦੀ ਹੈ। ਪਿਛਲੇ ਸਾਲ ਦੇ ਸਰਵੇਖਣ ਨਾਲ ਤੁਲਨਾ ਵਿੱਚ ਆਪਣੇ ਭਾਗੀਦਾਰਾਂ ਦੇ ਨਾਲ ਬਿਸਤਰ 'ਤੇ ਨਾ ਜਾਣ ਵਾਲੇ ਲੋਕਾਂ ਦੀ ਗਿਣਤੀ ਵਿੱਚ 80 ਫੀਸਦੀ ਵਾਧਾ ਹੋਇਆ। ਅਧਿਐਨ ਦੇ ਅਨੁਸਾਰ 25-34 ਦੇ ਵਿੱਚ ਉਮਰ ਵਰਗ ਦੇ ਲੋਕਾਂ ਵਿੱਚ ਨੀਂਦ ਨਾਲ ਸੰਬੰਧਿਤ ਸਮੱਸਿਆਵਾਂ ਦੇ ਅਧਿਕਤਮ ਲਛਣ ਦਿਖਾਈ ਦਿੱਤੇ।

## ਕੋਰੋਨਾ ਮਰੀਜ਼ ਨੇ ਟਰੇਨ ਵਿੱਚ ਸਫਰ ਕੀਤਾ, ਸੰਪਰਕ ਵਿੱਚ ਆਏ 129 ਯਾਤਰੀ

ਨਵੀਂ ਦਿੱਲੀ, 18 ਮਾਰਚ (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਵਾਇਰਸ ਨਾਲ ਪ੍ਰਭਾਵਤ ਲੋਕਾਂ ਦੀ ਗਿਣਤੀ ਵਧੀ ਜਾ ਰਹੀ ਹੈ। ਇਸ ਦੌਰਾਨ ਭੁਵਨੇਸ਼ਵਰ ਐਕਸਪ੍ਰੈੱਸ ਵਿੱਚ ਕੋਰੋਨਾ ਪ੍ਰਭਾਵਤ ਯਾਤਰੀ ਮਿਲਣ ਦੀ ਖ਼ਬਰ ਹੈ।

ਮਿਲੀ ਜਾਣਕਾਰੀ ਅਨੁਸਾਰ ਉਹ 129 ਲੋਕਾਂ ਦੇ ਸੰਪਰਕ ਵਿੱਚ ਆਇਆ, ਜਿਸ ਵਿੱਚੋਂ 76 ਸਹਿ-ਯਾਤਰੀ ਸਨ, ਉਸ ਦੀ ਟ੍ਰੈਵਲ ਹਿਸਟਰੀ ਮੁਤਾਬਕ ਉਹ ਇਟਲੀ ਤੋਂ ਆਇਆ ਸੀ। ਇਸ ਪਿੱਛੋਂ ਰੇਲਵੇ ਨੇ ਟੀ ਟੀ ਈ ਸਮੇਤ ਹੋਰ ਸਟਾਫ ਨੂੰ ਸੈਲਫ ਕਵਾਟੇਂਰਾਈਨ ਵਿੱਚ ਭੇਜ ਦਿੱਤਾ ਹੈ। ਸੂਤਰਾਂ ਮੁਤਾਬਕ ਰੇਲਵੇ ਨੇ ਭੁਵਨੇਸ਼ਵਰ ਰਾਜਧਾਨੀ ਦੇ ਕੈਟਰਿੰਗ ਸਟਾਫ ਦੇ ਦੋ ਕਰਮਚਾਰੀਆਂ ਨੂੰ ਉੜੀਸਾ ਦੇ ਇੱਕ ਹਸਪਤਾਲ ਵਿੱਚ ਭੇਜਿਆ ਹੈ। ਦੋ ਦਿਨ ਪਹਿਲਾਂ ਇਟਲੀ ਤੋਂ ਆਏ ਯਾਤਰੀ ਨੇ ਟਰੇਨ ਵਿੱਚ ਸਫਰ ਕੀਤਾ ਸੀ। ਇਹ ਟਰੇਨ ਨਵੀਂ ਦਿੱਲੀ ਰੇਲਵੇ ਸਟੇਸ਼ਨ ਪਹੁੰਚੀ ਸੀ ਤਾਂ ਇਸ ਦੇ ਇੱਕ ਕੋਚ ਨੂੰ ਉੜੀਸਾ ਵਿੱਚ ਹੀ ਅਲੱਗ ਕਰ ਦਿੱਤਾ ਗਿਆ ਸੀ। ਵੇਟਰ ਨੇ ਰੇਲਵੇ ਅਧਿਕਾਰੀਆਂ ਨੂੰ ਦੱਸਿਆ ਕਿ ਉਹ ਟਰੇਨ ਵਿੱਚ ਇੱਕ ਯਾਤਰੀ ਨੂੰ ਮਿਲਿਆ ਸੀ, ਜਿਸ ਦੀ ਤਬੀਅਤ ਠੀਕ ਨਹੀਂ ਸੀ।

## ਮੂਡੀਜ਼ ਨੇ ਭਾਰਤ ਦੀ ਆਰਥਿਕ ਵਾਧਾ ਦਰ ਦਾ ਅਨੁਮਾਨ ਫਿਰ ਘੱਟ ਕੀਤਾ




ਨਵੀਂ ਦਿੱਲੀ, 18 ਮਾਰਚ (ਪੋਸਟ ਬਿਊਰੋ)- ਰੇਟਿੰਗ ਏਜੰਸੀ ਮੂਡੀਜ਼ ਇਨਵੈਸਟਰਸ ਸਰਵਿਸ ਨੇ ਕੋਰੋਨਾ ਵਾਇਰਸ ਦੇ ਅਰਥ ਵਿਵਸਥਾ 'ਤੇ ਪੈਣ ਵਾਲੇ ਅਸਰ ਨੂੰ ਵੇਖ ਕੇ 2020 ਲਈ ਭਾਰਤ ਦੀ ਆਰਥਿਕ ਵਾਧਾ ਦਰ ਦਾ ਅਨੁਮਾਨ ਘਟਾ ਕੇ ਕੱਲ੍ਹ ਫਿਰ 5.3 ਫੀਸਦੀ ਕਰ ਦਿੱਤਾ ਹੈ। ਮੂਡੀਜ਼ ਨੇ ਇਸ ਤੋਂ ਪਹਿਲਾਂ ਫਰਵਰੀ ਵਿੱਚ ਕਿਹਾ ਸੀ ਕਿ 2020 'ਚ ਭਾਰਤ ਦੀ ਜੀ ਡੀ ਪੀ 5.4 ਫੀਸਦੀ ਦੀ ਰਫਤਾਰ ਨਾਲ ਵਾਧਾ ਕਰ ਸਕਦੀ ਹੈ। ਇਹ ਵੀ ਪਹਿਲਾਂ ਦੇ 6.6. ਫੀਸਦੀ ਦੇ ਅਨੁਮਾਨ ਤੋਂ ਘਟਾਇਆ ਗਿਆ ਸੀ ਅਤੇ ਅਜੇ ਹੋਰ ਘਟਣ ਦੀ ਆਸ ਹੈ।

ਇਸ ਏਜੰਸੀ ਨੇ ਕਿਹਾ ਕਿ ਕੋਰੋਨਾ ਵਾਇਰਸ ਦੀ ਇਨਫੈਕਸ਼ਨ ਤੇਜ਼ੀ ਨਾਲ ਫੈਲਣ ਦਾ ਆਰਥਿਕ ਅਸਰ ਹੋਵੇਗਾ। ਪ੍ਰਭਾਵਤ ਦੇਸ਼ਾਂ 'ਚ ਇਸ ਨਾਲ ਘਰੇਲੂ ਮੰਗ 'ਤੇ ਅਸਰ ਹੋ ਰਿਹਾ ਹੈ, ਸਪਲਾਈ ਲੜੀ ਰੁਕ ਹੈ ਤੇ ਇੱਕ ਦੇਸ਼ ਤੋਂ ਦੂਜੇ ਦੇਸ਼ ਨੂੰ ਹੋਣ ਵਾਲਾ ਵਪਾਰ ਘਟ ਰਿਹਾ ਹੈ। ਮੂਡੀਜ਼ ਨੇ ਕਿਹਾ, ਇਹ ਨਿਯਮ ਜਿੰਨਾ ਲੰਮਾ ਖਿਚਣਗੇ, ਕੌਮਾਂਤਰੀ ਆਰਥਿਕ ਮੰਦੀ ਦਾ ਜੋਖਮ ਓਨਾ ਵੱਧ ਹੋਵੇਗਾ। ਏਜੰਸੀ ਨੇ 2021 ਵਿੱਚ ਭਾਰਤ ਦੀ ਆਰਥਿਕ ਵਾਧਾ ਦਰ 5.8 ਫੀਸਦੀ ਰਹਿਣ ਬਾਰੇ ਅਨੁਮਾਨ ਪ੍ਰਗਟ ਕੀਤਾ। ਉਸ ਨੇ ਕਿਹਾ, ਕਈ ਸਰਕਾਰਾਂ ਅਤੇ ਕੇਂਦਰੀ ਬੈਂਕਾਂ ਨੇ ਵਿੱਤੀ ਰਾਹਤ ਪੈਕੇਜ, ਨੀਤੀਗਤ ਦਰ 'ਚ ਕਟੌਤੀ, ਰੈਗੂਲੇਟਰੀ ਛੋਟ ਸਮੇਤ ਰਾਹਤ ਦੇ ਕਈ ਉਪਾਅ ਕੀਤੇ ਹਨ। ਵਾਇਰਸ ਦੀ ਇਨਫੈਕਸ਼ਨ ਨੂੰ ਰੋਕਣ ਲਈ ਚੁੱਕੇ ਜਾਣ ਵਾਲੇ ਕਦਮ ਇਨ੍ਹਾਂ ਉਪਰਾਲਿਆਂ ਦੇ ਅਸਰ ਨੂੰ ਘੱਟ ਕਰ ਦੇਣਗੇ।

ਮੂਡੀਜ਼ ਦਾ ਕਹਿਣਾ ਹੈ ਕਿ ਕੋਰੋਨਾ ਵਾਇਰਸ ਨਾਲ ਇਨਫੈਕਸ਼ਨ ਦੇ ਨਵੇਂ ਕੇਸਾਂ ਦੇ ਪਤਾ ਲੱਗਣ ਨਾਲ ਆਰਥਿਕ ਵਾਧੇ ਦੀ ਦਰ ਸੁਸਤ ਹੋਵੇਗੀ। ਇਸ ਦਾ ਉਨ੍ਹਾਂ ਕੁਝ ਮੁੱਖ ਖੇਤਰਾਂ 'ਤੇ ਮਾੜਾ ਵਿੱਤੀ ਅਸਰ ਪਵੇਗਾ, ਜੋ ਸੁਤੰਤਰ ਆਵਾਜਾਈ 'ਤੇ ਨਿਰਭਰ ਹਨ। ਮੂਡੀਜ਼ ਦੇ ਉਪ ਪ੍ਰਧਾਨ (ਸੀਨੀਅਰ ਕ੍ਰੈਡਿਟ ਅਧਿਕਾਰੀ) ਬੈਂਜ਼ਾਮਿਨ ਨੈਲਸਨ ਨੇ ਇੱਕ ਬਿਆਨ ਵਿੱਚ ਕਿਹਾ, ਵਪਾਰ ਅਤੇ ਲੋਕਾਂ ਦੀ ਸੁਤੰਤਰ ਆਵਾਜਾਈ 'ਤੇ ਨਿਰਭਰ ਖੇਤਰ, ਜਿਵੇਂ ਯਾਤਰੀ ਹਵਾਬਾਜ਼ੀ, ਸ਼ਿਪਿੰਗ, ਮਹਿਮਾਨ ਨਿਵਾਜ਼ੀ, ਰਹਿਣਾ-ਠਹਿਰਣਾ, ਕਰੂਜ਼ ਲਾਈਨਰ, ਰੈਸਟੋਰੈਂਟ ਆਦਿ ਸਭ ਤੋਂ ਵੱਧ ਜੋਖਮ 'ਚ ਹਨ। ਏਜੰਸੀ ਨੇ ਕਿਹਾ ਕਿ ਅੰਤਰਰਾਸ਼ਟਰੀ ਸਪਲਾਈ ਲੜੀ 'ਤੇ ਨਿਰਭਰਤਾ ਕਾਰਨ ਕੌਮਾਂਤਰੀ ਵਾਹਨ ਕੰਪਨੀਆਂ ਵੀ ਪ੍ਰਭਾਵਤ ਹੋ ਰਹੀਆਂ ਹਨ। ਕੁਝ ਚੋਣਵੇਂ ਭੂਗੋਲਿਕ ਖੇਤਰਾਂ ਵਿੱਚ ਖੇਡ ਅਤੇ ਖੁਰਾਕ 'ਤੋਂ ਇਲਾਵਾ ਦੇ ਪ੍ਰਚੂਨ ਖੇਤਰ ਦੀ ਸਪਲਾਈ ਲੜੀ 'ਤੇ ਨਿਰਭਰ ਹਨ, ਇਸ ਕਾਰਨ ਇਹ ਵੀ ਪ੍ਰਭਾਵਤ ਹੋ ਰਹੇ ਹਨ।

## ਭਾਰਤ ਦੇ ਪਹਿਲੇ ਹਲਕੇ ਲੜਾਕੂ ਜਹਾਜ਼ ਨੇ 40 ਮਿੰਟ ਉਡਾਨ ਭਰੀ



ਬੰਗਲੂਰੂ, 18 ਮਾਰਚ (ਪੋਸਟ ਬਿਊਰੋ)- ਭਾਰਤ ਦੇ ਪਹਿਲੇ ਹਲਕੇ ਲੜਾਕੂ ਹਵਾਈ ਜਹਾਜ਼ 'ਤੇਜਸ' ਨੇ ਆਪਣੇ ਆਖ਼ਰੀ ਅਪਰੇਸ਼ਨਲ ਕਲੀਅਰੈਸ ਸਟੈਂਡਰਡ (ਐਸ ਪੀ-21) ਦੌਰਾਨ ਕੱਲ੍ਹ ਇੱਥੇ 40 ਮਿੰਟ ਉਡਾਨ ਭਰੀ। ਹਿੰਦੁਸਤਾਨ ਏਅਰੋਨੌਟਿਕਸ ਲਿਮਟਿਡ (ਐਚ ਏ ਐਲ) ਨੇ ਦੱਸਿਆ ਕਿ ਇਸ ਨੇ ਜਹਾਜ਼ ਨਿਰਮਾਣ ਇਕਾਈ ਦੇ ਹਵਾਈ ਅੱਡੇ ਤੋਂ 12.30 ਵਜੇ ਉਡਾਨ ਭਰੀ। ਇਸ ਵਿੱਚ ਏਅਰ ਕੋਮੋਡੋਰ (ਸੇਵਾਮੁਕਤ) ਕੇ ਏ ਮੁਠਾਨਾ, ਮੁਖੀ ਟੈਸਟ ਫਲਾਇੰਗ (ਫਿਕਸਡ ਵਿੰਗ) ਨੇ 40 ਦੇ ਕਰੀਬ ਉਡਾਨ ਭਰੀ। ਇਸ ਉਡਾਨ ਲਈ ਐਚ ਏ ਐਲ ਤੋਂ ਇਲਾਵਾ ਡੀ ਜੀ-ਏਅਰੋਨੌਟੀਕਲ ਗੁਣਵੱਤਾ, ਥਲ ਸੈਨਾ ਤੇ ਹਵਾਈ ਫ਼ੌਜ ਦੀਆਂ ਹੋਰ ਇਕਾਇਆਂ ਦਾ ਵੀ ਅਹਿਮ ਯੋਗਦਾਨ ਰਿਹਾ ਹੈ। ਐਚ ਏ ਐਲ ਦੇ ਸੀ ਐਮ ਡੀ, ਆਰ ਮਾਧਵਨ ਨੇ ਕਿਹਾ ਕਿ ਰੱਖਿਆ ਮੰਤਰਾਲੇ ਅਧੀਨ ਐਚ ਏ ਐਲ ਨੇ ਰਿਕਾਰਡ 12 ਮਹੀਨਿਆਂ 'ਚ ਵੱਡੀ ਪ੍ਰਾਪਤੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਗਤੀਵਿਧੀ ਤੋਂ ਬਾਅਦ ਬਾਕੀ ਦੇ 15 ਜਹਾਜ਼ਾਂ ਦੇ ਨਿਰਮਾਣ ਦਾ ਰਾਹ ਪੱਧਰਾ ਹੋ ਗਿਆ ਹੈ। ਇਨ੍ਹਾਂ ਨੂੰ ਅਪਰੇਸ਼ਨਲ ਕਲੀਅਰੈਸ ਦਿੱਤੀ ਜਾਵੇਗੀ ਤੇ ਅਗਲੇ ਵਰ੍ਹੇ ਫ਼ੌਜ ਨੂੰ ਸੌਂਪ ਦਿੱਤੇ ਜਾਣਗੇ। ਇਨ੍ਹਾਂ ਜਹਾਜ਼ਾਂ 'ਚ ਹਵਾ ਵਿੱਚ ਹੀ ਤੇਲ ਭਰਿਆ ਜਾ ਸਕਦਾ ਹੈ।

# ਤਾਜ ਮਹਿਲ 71 ਸਾਲ ਪਿੱਛੋਂ ਲੰਬੇ ਸਮੇਂ ਲਈ ਬੰਦ ਹੋਇਆ

ਆਗਰਾ, 18 ਮਾਰਚ (ਪੋਸਟ ਬਿਊਰੋ)- ਦੁਨੀਆ 'ਚ ਤੇਜ਼ੀ ਨਾਲ ਵੱਧਦੇ ਕੋਰੋਨਾ ਵਾਰਿਸ ਨੂੰ ਦੇਖ ਕੇ ਤਾਜ ਮਹਿਲ ਸਮੇਤ ਦੇਸ਼ ਦੀਆਂ ਸਾਰੀਆਂ ਯਾਦਗਾਰਾਂ ਤੇ ਆਜਾਇਬਘਰਾਂ ਨੂੰ 31 ਮਾਰਚ ਤੱਕ ਬੰਦ ਕਰ ਦਿੱਤਾ ਗਿਆ ਹੈ।

ਬੀਤੇ 49 ਸਾਲਾਂ 'ਚ ਇਹ ਤੀਜਾ ਮੌਕਾ ਹੈ ਜਦੋਂ ਤਾਜ ਮਹਿਲ ਬੰਦ ਕੀਤਾ ਗਿਆ ਹੈ। ਇਸ ਤੋਂ ਪਹਿਲਾਂ 1971 ਦੀ ਭਾਰਤ-ਪਾਕਿ ਜੰਗ ਦੌਰਾਨ ਇਹ ਕਰੀਬ 15 ਦਿਨ ਬੰਦ ਰਿਹਾ ਸੀ ਅਤੇ 1978 ਦੇ ਹੜ੍ਹ 'ਚ ਤਾਜ ਮਹਿਲ ਸੱਤ ਦਿਨ ਬੰਦ ਰਿਹਾ ਸੀ। ਕੇਂਦਰੀ ਸੱਭਿਆਚਾਰਕ ਤੇ ਸੈਰ-ਸਪਾਟਾ ਰਾਜ ਮੰਤਰੀ ਪ੍ਰਹਿਲਾਦ ਸਿੰਘ ਪਟੇਲ ਦੇ ਨਿਰਦੇਸ਼ਾਂ ਦੇ ਬਾਅਦ ਭਾਰਤੀ ਪੁਰਾਤੱਤਵ ਸਰਵੇਖਣ ਵਿਭਾਗ (ਏ ਐਸ ਆਈ) ਨੇ ਚੌਕਸੀ ਵਜੋਂ ਕੱਲ੍ਹ ਤਾਜ ਮਹਿਲ ਸਮੇਤ ਦੇਸ਼ ਭਰ ਦੀਆਂ ਯਾਦਗਾਰਾਂ ਤੇ ਅਜਾਇਬਘਰਾਂ ਨੂੰ ਬੰਦ ਕਰਨ ਦਾ ਫ਼ੈਸਲਾ ਕੀਤਾ ਹੈ। 17 ਤੋਂ 31 ਮਾਰਚ ਤੱਕ ਤਾਜ ਮਹਿਲ ਅਤੇ



ਹੋਰ ਯਾਦਗਾਰਾਂ 15 ਦਿਨਾਂ ਬੰਦ ਰਹਿਣਗੀਆਂ। ਇਸ ਤੋਂ ਪਹਿਲਾਂ ਤਾਜ ਮਹਿਲ 1971 ਦੀ ਭਾਰਤ-ਪਾਕਿ ਜੰਗ ਵੇਲੇ ਹਵਾਈ ਹਮਲੇ ਦੇ ਖਤਰੇ ਨੂੰ ਦੇਖਦੇ ਹੋਏ ਚਾਰ ਦਸੰਬਰ ਤੋਂ 18 ਦਸੰਬਰ ਤੱਕ ਬੰਦ ਰਿਹਾ ਸੀ। ਸਤੰਬਰ 1978 'ਚ ਸਤੰਬਰ ਵਿੱਚ ਯਮੁਨਾ 'ਚ ਆਏ ਹੜ੍ਹ ਦੌਰਾਨ ਵੀ ਤਾਜ ਮਹਿਲ ਸੱਤ ਦਿਨ ਬੰਦ ਰਿਹਾ ਸੀ।

ਸਾਲ 1971 'ਚ ਤਾਜ ਮਹਿਲ ਦੇ ਸੁਰੱਖਿਆ ਸਹਾਇਕ ਰਹੇ (ਅਤੇ ਸੇਵਾਮੁਕਤ ਹੋ ਚੁੱਕੇ) ਐਸ ਕੇ ਸ਼ਰਮਾ ਦੱਸਦੇ ਹਨ ਕਿ ਤਾਜ ਮਹਿਲ ਯਮੁਨਾ ਦਰਿਆ ਦੇ ਕੰਢੇ ਹੋਣ ਕਾਰਨ ਵੱਡੀ ਇਮਾਰਤ ਵਜੋਂ ਹਵਾਈ ਜਹਾਜ਼ ਤੋਂ ਨਜ਼ਰ ਆਉਂਦਾ ਸੀ। ਪਾਕਿ-ਸਤਾਨ ਦੇ ਜਹਾਜ਼ ਇਸ ਆਧਾਰ 'ਤੇ ਏਅਰ ਫੋਰਸ ਦੀ ਦੂਰੀ ਨਾ ਮਾਪ ਸਕਣ, ਇਸ ਲਈ ਤਾਜ ਨੂੰ ਕਵਰ ਨਾਲ ਢੱਕ ਦਿੱਤਾ ਗਿਆ ਸੀ। ਚਾਰ ਦਸੰਬਰ ਤੋਂ 16 ਦਸੰਬਰ ਤੱਕ ਹੋਈ ਜੰਗ ਦੇ ਬਾਅਦ ਦੋ ਦਿਨ ਸਫ਼ਾਈ ਕੀਤੇ ਜਾਣ ਕਾਰਨ ਟੂਰਿਸਟਾਂ ਨੂੰ ਦਾਖ਼ਲਾ ਨਹੀਂ ਦਿੱਤਾ ਗਿਆ ਸੀ। ਓਦੋਂ ਦਰੱਖਤਾਂ ਦੀਆਂ ਟਾਹਣੀਆਂ ਨਾਲ ਤਾਜ ਮਹਿਲ ਕੰਪਲੈਕਸ ਨੂੰ ਸੰਘਣੇ ਜੰਗਲ ਦਾ ਰੂਪ ਦਿੱਤਾ ਗਿਆ ਸੀ ਤਾਂ ਕਿ ਕਿਸੇ ਨੂੰ ਇਸ ਦਾ ਪਤਾ ਨਾ ਲੱਗੇ। ਉਸ ਸਮੇਂ ਹੋਰ ਯਾਦਗਾਰਾਂ ਖੁੱਲ੍ਹੀਆਂ ਰਹੀਆਂ ਸਨ। ਤਾਜ ਮਹਿਲ ਦੇ ਇੱਕ ਹੋਰ ਸੁਰੱਖਿਆ ਸਹਾਇਕ ਰਹੇ ਆਰ ਕੇ ਦੀਕਸ਼ਤ ਦੱਸਦੇ ਹਨ ਕਿ 1974 'ਚ ਜਦੋਂ ਉਨ੍ਹਾਂ ਦੀ ਤਾਇਨਾਤੀ ਹੋਈ ਸੀ, ਉਸ ਪਿੱਛੋਂ 1978 'ਚ ਯੂਮਨਾ ਵਿੱਚ ਹੜ੍ਹ ਆਇਆ ਸੀ ਅਤੇ ਉਹ ਯਾਦਗਾਰ 'ਚ ਕੇਅਰਟੇਕਰ ਦੇ ਸਨ। ਓਦੋਂ ਤਾਜ ਮਹਿਲ ਦੀਆਂ ਯਮੁਨਾ ਕੰਢੇ ਬਣੀਆਂ ਕੋਠਰੀਆਂ 'ਚ ਪਾਣੀ ਆ ਗਿਆ ਸੀ ਅਤੇ ਸ਼ਹਿਰ ਵਾਸੀ ਤਾਜ ਤੋਂ ਯਮੁਨਾ 'ਚ ਪਾਣੀ ਨੂੰ ਦੇਖਦੇ ਸਨ। ਓਦੋਂ ਤਾਜ ਮਹਿਲ ਨੂੰ ਸੱਤ ਦਿਨਾਂ ਲਈ ਬੰਦ ਕੀਤਾ ਗਿਆ ਸੀ।






## ਕੋਰੋਨਾ ਦਾ ਖਤਰਾ ਅਗਸਤ ਵਿੱਚ ਖਤਮ ਹੋਵੇਗਾ: ਟਰੰਪ

ਵਾਸ਼ਿੰਗਟਨ, 18 ਮਾਰਚ (ਪੋਸਟ ਬਿਊਰੋ)- ਕੋਰੋਨਾ ਦੇ ਖਤਰੇ ਨਾਲ ਨਜਿੱਠਣ ਲਈ ਅਮਰੀਕਾ ਨੇ ਨਿਊਜਰਸੀ ਸਟੇਟ ਤੇ ਸਾਨ ਫਰਾਂਸਿਸਕੋ ਵਿੱਚ ਕਰਫਿਊ ਲਾ ਦਿੱਤਾ ਹੈ ਤਾਂ ਹੋਰਨਾਂ ਥਾਵਾਂ 'ਤੇ ਮਾਲ, ਦੁਕਾਨਾਂ, ਪ੍ਰਸਿੱਧ ਇਮਾਰਤਾਂ ਅਤੇ ਦਫਤਰ ਆਦਿ ਨੂੰ ਬੰਦ ਕਰਦੇ ਹੋਏ ਲੋਕਾਂ ਦੀ ਆਮ ਆਵਾਜਾਈ 'ਤੇ ਰੋਕ ਲਾ ਦਿੱਤੀ ਗਈ ਹੈ।

ਇਸ ਦੌਰਾਨ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਾਵਧਾਨ ਕਰਦੇ ਹੋਏ ਕਿਹਾ ਕਿ ਕੋਰੋਨਾ ਦਾ ਖਤਰਾ ਅਗਸਤ ਤੱਕ ਰਹਿ ਸਕਦਾ ਹੈ। ਉਨ੍ਹਾਂ ਨੇ ਸਵੀਕਾਰ ਕੀਤਾ ਕਿ ਇਸ ਦੇ ਕਾਰਨ ਅਮਰੀਕਾ ਆਰਥਿਕ ਮੰਦੀ ਵੱਲ ਵਧ ਸਕਦਾ ਹੈ। ਟਰੰਪ ਸਰਕਾਰ ਨੇ ਪਾਰਲੀਮੈਂਟ ਮੈਂਬਰਾਂ ਨੂੰ ਕਿਹਾ ਕਿ ਕੋਰੋਨਾ ਨਾਲ ਜਨਤਾ ਨੂੰ ਹੋਏ ਨੁਕਾ-ਸਨ ਦੇ ਘਾਟੇ ਨੂੰ ਪੂਰਾ ਕਰਨ ਲਈ ਉਨ੍ਹਾਂ ਨੂੰ ਸਿੱਧੇ ਤੌਰ 'ਤੇ ਆਰਥਿਕ ਮਦਦ ਕਰਨ ਲਈ ਮਦਦ ਰਾਸ਼ੀ 1000 ਡਾਲਰ ਤੱਕ ਹੋ ਸਕਦੀ ਹੈ। ਵਿੱਤ ਮੰਤਰੀ ਸਟੀਵਨ ਨੇ ਇਸ ਨੂੰ ਹਵਾਬਾਜ਼ੀ ਕੰਪਨੀਆਂ ਦੇ ਲਈ 9/11 ਤੋਂ ਵੀ ਭਿਆਨਕ ਤ੍ਰਾਸਦੀ ਦੱਸਿਆ ਹੈ। ਟਰੰਪ ਨੇ ਵ੍ਹਾਈਟ ਹਾਊਸ ਵਿੱਚ ਕਿਹਾ, ਮੈਨੂੰ ਲੱਗਦਾ ਹੈ ਕਿ ਜੇ ਅਸੀਂ ਇਸ ਦਿਸ਼ਾ ਵਿੱਚ ਬਹੁਤ ਚੰਗੀ ਤਰ੍ਹਾਂ ਕੰਮ ਕਰੀਏ ਤਾਂ ਜੁਲਾਈ ਜਾਂ ਅਗਸਤ ਤੱਕ ਕੋਰੋਨਾ ਵਾਇਰਸ ਤੋਂ ਛੁਟਕਾਰਾ ਮਿਲ ਸਕਦਾ ਹੈ। ਟਰੰਪ ਨੇ ਕਿਹਾ ਕਿ ਚੋਣਾਂ ਰੱਦ ਕਰਨ ਦੀ ਜ਼ਰੂਰਤ ਨਹੀਂ ਹੈ। ਵ੍ਹਾਈਟ ਹਾਊਸ ਨੇ ਉਨ੍ਹਾਂ ਖਬਰਾਂ ਦਾ ਖੰਡਨ ਕੀਤਾ ਹੈ ਕਿ ਟਰੰਪ ਦੇਸ਼ ਵਿੱਚ ਕੰਮਬੰਦੀ ਦੇ ਕਦਮ 'ਤੇ ਵਿਚਾਰ ਕਰ ਰਹੇ ਹਨ।

## ਅਮਰੀਕਾ ਵਿੱਚ ਐਂਟੀ ਕੋਰੋਨਾ ਵਾਇਰਸ ਵੈਕਸੀਨ ਦਾ ਪਹਿਲੀ ਪਰਖ, ਮਹਿਲਾ ਨੂੰ ਲਾਇਆ ਇੰਜੈਕਸ਼ਨ

ਵਾਸ਼ਿੰਗਟਨ, 18 ਮਾਰਚ (ਪੋਸਟ ਬਿਊਰੋ)- ਅਮਰੀਕਾ ਨੇ ਕੋਰੋਨਾ ਵਾਇਰਸ ਦੇ ਲਈ ਤਿਆਰ ਕੀਤੀ ਜਾ ਰਹੀ ਵੈਕਸੀਨ ਦਾ ਪਹਿਲਾ ਪ੍ਰੀਖਣ ਵਾਸ਼ਿੰਗਟਨ ਦੇ ਸਿਆਟਲ ਸ਼ਹਿਰ ਵਿੱਚ ਇਥੋਂ ਦੀ ਇੱਕ ਸਥਾਨਕ ਮਹਿਲਾ 43 ਸਾਲ ਦੀ ਜੈਨੀਫਰ ਹਾਲਰ 'ਤੇ ਕੀਤਾ ਹੈ। ਇਥੋਂ ਦੇ ਕੇ ਪੀ ਵਾਸ਼ਿੰਗਟਨ ਰਿਸਰਚ ਇੰਸਟੀਚਿਊਟ ਦੇ ਵਿਗਿਆਨੀਆਂ ਅਤੇ ਸਿਹਤ ਮਾਹਰਾਂ ਨੇ ਬੇਹੱਦ ਸਾਵਧਾਨੀ ਦੇ ਨਾਲ ਚਾਰ ਅਜਿਹੇ ਮਜ਼ਬੂਤ ਇੱਛਾ ਸ਼ਕਤੀ ਵਾਲੇ ਸਿਹਤਮੰਦ ਲੋਕਾਂ ਨੂੰ ਇਸ ਪ੍ਰੀਖਣ ਲਈ ਚੁਣਿਆ ਹੈ। ਇਨ੍ਹਾਂ ਵਿੱਚੋਂ ਪਹਿਲੀ ਜੈਨੀਫਰ ਹਾਲਰ ਦੇ ਦੋ ਬੱਚੇ ਹਨ।



ਵੈਕਸੀਨ ਦੇ ਪ੍ਰੀਖਣ ਦਾ ਪਹਿਲਾ ਇੰਜੈਕਸ਼ਨ ਲਵਾਉਣ ਦੇ ਬਾਅਦ ਜੈਨੀਫਰ ਨੇ ਬੇਹੱਦ ਖੁਸ਼ੀ ਜ਼ਾਹਰ ਕਰਦੇ ਹੋਏ ਕਿਹਾ ਕਿ ਉਸ ਨੂੰ ਬਹੁਤ ਵਧੀਆ ਲੱਗ ਰਿਹਾ ਹੈ। ਇਸ ਸਰਵੇ ਤੇ ਪ੍ਰਯੋਗ ਦੀ ਟੀਮ ਲੀਡਰ ਡਾਕਟਰ ਲੀਜਾ ਜੈਕਸਨ ਹਨ। ਲੀਜਾ ਮੰਨਦੀ ਹੈ ਕਿ ਵੈਕਸੀਨ ਦੇ ਪਹਿਲੇ ਪੜਾਅ ਵਿੱਚ ਪ੍ਰੀਖਣ ਲਈ ਤਿਆਰ ਇਨ੍ਹਾਂ ਚਾਰ ਲੋਕਾਂ ਨਾਲ ਅਸੀਂ ਟੀਮ ਬਣ ਗਏ ਹਾਂ। ਅਜਿਹੇ ਮੌਕੇ ਹਰ ਕੋਈ ਚਾਹੁੰਦਾ ਹੈ ਕਿ ਇਸ ਸਥਿਤੀ ਨਾਲ ਨਜਿੱਠਣ ਲਈ ਉਹ ਕੀ ਤੇ ਕਿਵੇਂ ਕਰਨ। ਜੈਨੀਫਰ ਸਿਆਟਲ ਵਿੱਚ ਇੱਕ ਟੈਕ ਕੰਪਨੀ ਵਿੱਚ ਆਪਰੇਸ਼ਨ ਮੈਨੇਜਰ ਹੈ। ਇਨ੍ਹਾਂ ਦੇ ਇਲਾਵਾ ਤਿੰਨ ਹੋਰ ਲੋਕਾਂ ਨੂੰ ਇਸ ਪ੍ਰੀਖਣ ਦਾ ਇੰਜੈਕਸ਼ਨ ਲਾਇਆ ਜਾਣਾ ਹੈ। ਇਸ ਦੇ ਇਲਾਵਾ 45 ਹੋਰਨਾਂ ਲੋਕਾਂ ਨੂੰ ਵੀ ਇਸ ਦਾ ਹਿੱਸਾ ਬਣਾਇਆ ਜਾਏਗਾ ਅਤੇ ਇਨ੍ਹਾਂ ਨੂੰ ਇੱਕ ਮਹੀਨੇ ਦੇ ਬਾਅਦ ਦੋ ਹੋਰ ਡੋਜ਼ ਦਿੱਤੇ ਜਾਣਗੇ।

ਬ੍ਰਾਥਲ ਦੇ ਰਹਿਣ ਵਾਲੇ 46 ਸਾਲ ਦੇ ਨੀਲ ਬ੍ਰਾਊਨਿੰਗ ਵੀ ਇੱਕ ਮਾਈਕ੍ਰੋਸਾਫਟ ਨੈੱਟਵਰਕ ਇੰਜੀਨੀਅਰ ਹਨ, ਜੋ ਇਸ ਪ੍ਰੀਖਣ ਟੀਮ ਦੇ ਮੈਂਬਰ ਹਨ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੀਆਂ ਧੀਆਂ ਇਸ ਤਰ੍ਹਾਂ ਦੇ ਸਮਾਜਕ ਕੰਮ ਲਈ ਉਨ੍ਹਾਂ ਨੂੰ ਬੇਹੱਦ ਉਤਸ਼ਾਹਤ ਕਰਦੀਆਂ ਤੇ ਮਾਣ ਮਹਿਸੂਸ ਕਰਦੀਆਂ ਹਨ। ਉਨ੍ਹਾਂ ਦੀਆਂ ਧੀਆਂ ਮੰਨਦੀਆਂ ਹਨ ਕਿ ਇਹ ਦੁਨੀਆ ਦੇ ਉਨ੍ਹਾਂ ਸਾਰੇ ਲੋਕਾਂ ਨੂੰ ਬਚਾਉਣ ਦੇ ਲਈ ਬੇਹੱਦ ਜ਼ਰੂਰੀ ਹੈ ਕਿ ਕੋਈ ਨਾ ਕੋਈ ਇਹ ਖਤਰਾ ਉਠਾਏ।

ਯੂ ਐੱਸ ਨੈਸ਼ਨਲ ਇੰਸਟੀਚਿਊਟ ਆਫ ਹੈਲਥ ਦੇ ਡਾਕਟਰ ਐਂਥਨੀ ਫੌਸੀ ਨੇ ਕਿਹਾ ਕਿ ਜੇ ਇਹ ਪ੍ਰੀਖਣ ਕਾਮਯਾਬ ਰਿਹਾ ਤਾਂ ਅਗਲੇ 12 ਤੋਂ 18 ਮਹੀਨਿਆਂ ਵਿੱਚ ਇਹ ਵੈਕਸੀਨ ਦੁਨੀਆ ਭਰ ਵਿੱਚ ਵਰਤੀ ਜਾ ਸਕੇਗੀ। ਵਰਨਣ ਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਤਜਰਬੇ ਤੋਂ ਉਮੀਦ ਜਤਾਉਂਦੇ ਹੋਏ ਦਾਅਵਾ ਕੀਤਾ ਹੈ ਕਿ ਜੁਲਾਈ ਤੱਕ ਅਮਰੀਕਾ ਕੋਰੋਨਾ ਤੋਂ ਮੁਕਤ ਹੋ ਜਾਏਗਾ। ਉਨ੍ਹਾਂ ਨੇ ਇਹ ਕ੍ਰੈਡਿਟ ਲੈਣ ਦੀ ਵੀ ਕੋਸ਼ਿਸ਼ ਕੀਤੀ ਅਮਰੀਕਾ ਵਿੱਚ ਹੀ ਇਸ ਖਤਰਨਾਕ ਵਾਇਰਸ ਦੀ ਪਹਿਲੀ ਵੈਕਸੀਨ ਇੰਨੇ ਘੱਟ ਸਮੇਂ ਵਿੱਚ ਬਣ ਕੇ ਤਿਆਰ ਹੋਣ ਦੀ ਉਮੀਦ ਹੈ।

## ਬੇਪਛਾਣ ਰਹਿ ਗਏ ਕੇਸਾਂ ਦੇ ਨਾਲ ਚੀਨ ਵਿੱਚ ਤੇਜ਼ੀ ਨਾਲ ਕੋਰੋਨਾ ਵਾਇਰਸ ਫੈਲਿਆ

ਨਿਊਯਾਰਕ, 18 ਮਾਰਚ (ਪੋਸਟ ਬਿਊਰੋ)- ਇਕ ਅਧਿਐਨ ਮੁਤਾਬਕ ਬੇਪਛਾਣ ਰਹਿ ਗਏ ਕੇਸਾਂ ਦੇ ਕਾਰਨ ਚੀਨ ਵਿੱਚ ਕੋਰੋਨਾ ਵਾਇਰਸ ਤੇਜ਼ੀ ਨਾਲ ਫੈਲਿਆ ਸੀ। ਇਨ੍ਹਾਂ ਵਿੱਚ ਕਈ ਕੇਸਾਂ ਵਿੱਚ ਕੋਰੋਨਾ ਵਾਇਰਸ ਦੇ ਗੰਭੀਰ ਲੱਛਣ ਦਿਖਾਈ ਨਹੀਂ ਦਿੱਤੇ ਸਨ। ਸਾਇੰਸ ਜਰਨਲ ਵਿੱਚ ਛਪੇ ਅਧਿਐਨ ਮੁਤਾਬਕ ਵੂਹਾਨ ਵਿੱਚ 23 ਜਨਵਰੀ ਨੂੰ ਯਾਤਰਾ ਉੱਤੇ ਪਾਬੰਦੀ ਲੱਗਣ ਤੋਂ ਪਹਿਲਾਂ ਕੋਰੋਨਾ ਵਾਇਰਸ ਦੇ ਕੇਸਾਂ ਵਿੱਚੋਂ 86 ਫ਼ੀਸਦੀ ਬੇਪਛਾਣ ਸਨ।



ਅਮਰੀਕਾ ਵਿੱਚ ਕੋਲੰਬੀਆ ਯੂਨੀਵਰਸਿਟੀ ਦੇ ਵਿਗਿਆਨੀਆਂ ਮੁਤਾਬਕ ਚੀਨ ਵਿੱਚ ਕੋਰੋਨਾ ਵਾਇਰਸ ਦਾ ਤੇਜ਼ੀ ਨਾਲ ਪਸਾਰ ਅਜਿਹੇ ਲੋਕਾਂ ਕਾਰਨ ਹੋਇਆ, ਜਿਨ੍ਹਾਂ ਵਿੱਚ ਹਲਕੇ, ਸੀਮਤ ਜਾਂ ਕੋਈ ਲੱਛਣ ਦਿਖਾਈ ਨਹੀਂ ਦਿੱਤੇ ਸਨ ਅਤੇ ਉਨ੍ਹਾਂ ਦੇ ਕੇਸ ਬੇਪਛਾਣ ਰਹਿ ਗਏ। ਅਧਿਆਨ ਕਰਤਾਵਾਂ ਨੇ ਦੇਖਿਆ ਕਿ ਚੀਨ ਵਿੱਚ ਕੋਰੋਨਾ ਵਾਇਰਸ ਤੋਂ ਪ੍ਰਭਾਵਤ ਲੋਕਾਂ ਦੀ ਗਿਣਤੀ ਕਾਫੀ ਜ਼ਿਆਦਾ ਹੈ। ਇਸ ਲਈ ਗੁਪਤ ਤਰੀਕੇ ਨਾਲ ਹੋਣ ਵਾਲੀ ਇਨਫੈਕਸ਼ਨ ਅੱਗੋਂ ਵੀ ਇਸੇ ਵਾਇਰਸ ਦੀ ਰੋਕਥਾਮ ਵਿੱਚ ਇਕ ਵੱਡੀ ਚੁਣੌਤੀ ਬਣੀ ਰਹੇਗੀ। ਅਧਿਐਨ ਕਰਤਾਵਾਂ ਨੇ ਇਸ ਖੋਜ ਲਈ ਇਕ ਕੰਪਿਊਟਰ ਮਾਡਲ ਦਾ ਇਸਤੇਮਾਲ ਕੀਤਾ, ਜਿਸ ਵਿੱਚ ਚੀਨ ਵਿੱਚ ਇਨਫੈਕਸ਼ਨ ਤੇ ਪ੍ਰਸਾਰ ਦੇ ਕੇਸਾਂ ਅਤੇ 11 ਤੋਂ 23 ਜਨਵਰੀ ਤੇ 24 ਜਨਵਰੀ ਤੋਂ ਅੱਠ ਫਰਵਰੀ ਤਕ ਉਨ੍ਹਾਂ ਦੀ ਮੋਬਿਲਿਟੀ ਦੇ ਅੰਕੜਿਆਂ ਦਾ ਅਧਿਐਨ ਕੀਤਾ ਗਿਆ। ਇੱਕ ਖੋਜ ਕਰਤਾ ਨੇ ਕਿਹਾ ਕਿ ਜ਼ਬਰਦਸਤ ਜਾਗਰੂਕਤਾ, ਨਿੱਜੀ ਸੁਰੱਖਿਆ ਉਪਾਵਾਂ ਦੀ ਵਧ-ਚੜ੍ਹ ਕੇ ਵਰਤੋਂ ਤੇ ਯਾਤਰਾ ਪਾਬੰਦੀਆਂ ਨੇ ਇਨਫੈਕਸ਼ਨ ਦੀ ਤੀਬਰਤਾ ਨੂੰ ਘੱਟ ਕਰਨ ਵਿੱਚ ਮਦਦ ਕੀਤੀ ਸੀ। ਅਜੇ ਇਹ ਸਪਸ਼ਟ ਨਹੀਂ ਹੈ ਕਿ ਤੀਬਰਤਾ ਵਿੱਚ ਇਹ ਕਮੀ ਵਾਇਰਸ ਦੇ ਪ੍ਰਸਾਰ ਨੂੰ ਪੂਰੀ ਤਰ੍ਹਾਂ ਰੋਕਣ ਵਿੱਚ ਕਾਫੀ ਹੈ ਜਾਂ ਨਹੀਂ। ਉਨ੍ਹਾਂ ਅੱਗੇ ਕਿਹਾ ਕਿ ਜੇ ਕੋਰੋਨਾ ਵਾਰਿਸ ਦਾ ਅਸਰ 2009 ਦੇ ਐੱਚ1 ਐੱਨ1 ਐਨਫਲੂਐਂਜ਼ਾ ਵਾਂਗ ਹੋਇਆ ਤਾ ਇਹ ਦੁਨੀਆ ਭਰ ਵਿੱਚ ਫੈਲੇਗਾ ਤੇ ਮਨੁੱਖੀ ਅਬਾਦੀ ਵਿੱਚ ਪੰਜਵਾ ਸਥਾਨਕ ਕੋਰੋਨਾ ਵਾਇਰਸ ਬਣ ਜਾਵੇਗਾ।

## ਚੀਨ ਨੇ ਵੀ ਕੋਰੋਨਾ ਵੈਕਸੀਨ ਦਾ ਟੈਸਟ ਇਨਸਾਨਾਂ ਉੱਤੇ ਸ਼ੁਰੂ ਕੀਤਾ

ਬੀਜਿੰਗ, 18 ਮਾਰਚ (ਪੋਸਟ ਬਿਊਰੋ)- ਚੀਨ ਨੇ ਕੋਰੋਨਾ ਵਾਇਰਸ ਵੈਕਸੀਨ ਉੱਤੇ ਤੇਜ਼ੀ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਓਥੇ ਇਕ ਐਕਸਪੈਰੀਮੈਂਟਲ ਕੋਰੋਨਾ ਵਾਇਰਸ ਵੈਕਸੀਨ ਦੀ ਮਨੁੱਖੀ ਸੁਰੱਖਿਆ ਪਰਖ ਕਰਨ ਲਈ ਖੋਜੀਆਂ ਨੂੰ ਇਜਾਜ਼ਤ ਦੇ ਦਿੱਤੀ ਗਈ ਹੈ, ਜਿਸ ਦੇ ਨਤੀਜਿਆਂ ਦੀ ਉਡੀਕ ਰਹੇਗੀ।



ਵਰਨਣ ਯੋਗ ਹੈ ਕਿ ਚੀਨ ਦੇ ਵੂਹਾਨ ਤੋਂ ਹੋਰਨਾਂ ਦੇਸ਼ਾਂ ਵਿਚ ਫੈਲੇ ਕੋਰੋਨਾ ਵਾਇਰਸ ਨਾਲ ਅੱਜ ਤਕ 8000 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਅਜੇ ਤੱਕ ਕੋਰੋਨਾ ਵਾਇਰਸ ਨਾਲ ਲੜਨ ਲਈ ਕਿਸੇ ਵੀ ਦਵਾਈ ਦੀ ਖੋਜ ਨਹੀਂ ਹੋਈ। ਏਸੇ ਲਈ ਇਸ ਜਾਨਲੇਵਾ ਵਾਇਰਸ ਨਾਲ ਮਰਨ ਵਾਲਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਤੇ ਇਹ ਤੇਜ਼ੀ ਨਾਲ ਫੈਲ ਰਿਹਾ ਹੈ। ਖ਼ਬਰਾਂ ਆਈਆਂ ਸਨ ਕਿ ਕੋਰੋਨਾ ਵਾਇਰਸ ਨਾਲ ਪ੍ਰਭਾਵਤ ਮਰੀਜ਼ਾਂ ਨੂੰ ਐੱਚ ਆਈ ਵੀ ਦੇ ਪੀੜਤਾਂ ਨੂੰ ਦਿੱਤੀ ਜਾਣ ਵਾਲੀ ਦਵਾਈ ਦਿੱਤੀ ਜਾ ਰਹੀ ਹੈ, ਪਰ ਇਸ ਦੀ ਕੋਈ ਅਧਿਕਾਰਤ ਪੁਸ਼ਟੀ ਨਹੀਂ ਹੋਈ।

## ਸਾਊਦੀ ਅਰਬ ਵਿੱਚ ਮਸਜਿਦਾਂ ਵਿੱਚ ਨਮਾਜ਼ ਉੱਤੇ ਰੋਕ

ਰਿਆਦ, 18 ਮਾਰਚ (ਪੋਸਟ ਬਿਊਰੋ)- ਸਾਊਦੀ ਅਰਬ ਨੇ ਕੱਲ੍ਹ ਐਲਾਨ ਕੀਤਾ ਕਿ ਕੋਰੋਨਾ ਵਾਇਰਸ ਦੇ ਵਾਧੇ ਨੂੰ ਰੋਕਣ ਲਈ ਮਸਜਿਦਾਂ ਵਿੱਚ ਰੋਜ਼ ਪੰਜ ਵੇਲੇ ਦੀ ਨਮਾਜ਼ ਲਈ ਆਉਣ ਵਾਲੇ ਲੋਕਾਂ 'ਤੇ ਪਾਬੰਦੀ ਲਾਈ ਗਈ ਹੈ। ਇਸ ਦੇ ਨਾਲ ਹੀ ਮਸਜਿਦਾਂ ਵਿੱਚ ਜੁਮੇ (ਸ਼ੁੱਕਰਵਾਰ) ਦੀ ਨਮਾਜ਼ ਲਈ ਵੀ ਲੋਕ ਨਹੀਂ ਆ ਸਕਣਗੇ।

ਇੱਕ ਅਸਾਧਾਰਨ ਕਦਮ ਦੇ ਤਹਿਤ ਸਾਊਦੀ ਅਰਬ ਨੇ ਕੇਵਲ ਮੱਕਾ ਅਤੇ ਮਦੀਨਾ ਵਿੱਚ ਨਮਾਜ਼ ਅਦਾ ਕੀਤੇ ਜਾਣ ਦੀ ਇਜਾਜ਼ਤ ਦਿੱਤੀ ਹੈ। ਸਾਊਦੀ ਅਰਬ ਦੀ ਸਭ ਤੋਂ ਵੱਡੀ ਧਾਰਮਿਕ ਸੰਸਥਾ ਉਲੇਮਾ ਕੌਂਸਲ ਦੇ ਫੈਸਲੇ ਦੇ ਆਧਾਰ ਉਤੇ ਇਹ ਐਲਾਨ ਕੀਤੇ ਗਏ ਹਨ। ਸਰਕਾਰੀ ਨਿਊਜ਼ ਏਜੰਸੀ ਐੱਸ ਪੀ ਏ ਮੁਤਾਬਕ ਨਮਾਜ਼ ਅਦਾ ਕਰਨ ਲਈ ਮਸਜਿਦਾਂ ਦੇ ਦਰਵਾਜ਼ੇ ਪੱਕੇ ਬੰਦ ਕੀਤੇ ਗਏ ਹਨ। ਇਨ੍ਹਾਂ ਤੋਂ ਨਮਾਜ਼ ਦੇ ਬਾਰੇ ਸੂਚਨਾਵਾਂ ਪਹਿਲਾਂ ਦੀ ਤਰ੍ਹਾਂ ਜਾਰੀ ਕੀਤੀਆਂ ਜਾਂਦੀਆਂ ਰਹਿਣਗੀਆਂ, ਜਿਸ ਦੇ ਆਧਾਰ ਉਤੇ ਲੋਕ ਮਸਜਿਦਾਂ ਵਿੱਚ ਆਉਣ ਦੇ ਬਜਾਏ ਆਪਣੇ ਘਰਾਂ ਵਿੱਚ ਨਮਾਜ਼ ਅਦਾ ਕਰ ਸਕਦੇ ਹਨ। ਸਾਊਦੀ ਅਰਬ ਨੇ ਕੋਰੋਨਾ ਦੀ ਰੋਕਥਾਮ ਦੇ ਕਈ ਅਹਿਮ ਕਦਮ ਚੁੱਕੇ ਹਨ, ਜਿਨ੍ਹਾਂ ਵਿੱਚ ਸਾਰਾ ਸਾਲ ਚੱਲਣ ਵਾਲੀ ਉਮਰਾ ਯਾਤਰਾ ਅਤੇ ਸਾਰੀਆਂ ਅੰਤਰਰਾਸ਼ਟਰੀ ਉਡਾਣਾਂ ਰੋਕਣ ਦੇ ਨਾਲ-ਨਾਲ ਸਕੂਲ ਅਤੇ ਜ਼ਿਆਦਾਤਰ ਸਰਕਾਰੀ ਸੰਸਥਾਵਾਂ ਬੰਦ ਕਰਨਾ ਸ਼ਾਮਲ ਹੈ। ਸਾਊਦੀ ਸ਼ਾਸਨ ਨੇ ਸਿਹਤ, ਫੌਜ ਤੇ ਸੁਰੱਖਿਆ ਨੂੰ ਛੱਡ ਕੇ ਸਾਰੇ ਸਰਕਾਰੀ ਮੁਲਾਜ਼ਮਾਂ ਦੇ ਕੰਮਕਾਜ ਨੂੰ ਵੀ ਰੋਕ ਦਿੱਤਾ ਹੈ। ਸਥਾਨਕ ਮੀਡੀਆ ਦੇ ਮੁਤਾਬਕ ਮੰਤਰੀ ਮੰਡਲ ਨੇ ਮੌਜੂਦਾ ਤੇ ਅਗਲੇ ਹਫਤੇ ਦੇ ਲਈ ਆਪਣੀ ਰੋਜ਼ਾਨਾ ਦੀਆਂ ਬੈਠਕਾਂ ਨੂੰ ਵੀ ਮੁਲਤਵੀ ਕਰ ਦਿੱਤਾ ਹੈ।



# ਵਿਦੇਸ਼ ਤੋਂ ਆਈ ਕੁੜੀ ਸੈਂਪਲ ਦੀ ਗੱਲ ਸੁਣ ਕੇ ਹਸਪਤਾਲ ਵਿੱਚੋਂ ਭੱਜ ਗਈ

ਜਲੰਧਰ, 18 ਮਾਰਚ (ਪੋਸਟ ਬਿਊਰੋ)- ਸਵਿੱਟਜ਼ਰਲੈਂਡ ਤੋਂ ਇੱਕ ਆਈ ਲੜਕੀ ਖਾਂਸੀ, ਬੁਖਾਰ ਦੇ ਕਾਰਨ ਆਰਥੋਨੋਵਾ ਹਸਪਤਾਲ ਪਹੁੰਚੀ ਤਾਂ ਡਾਕਟਰਾਂ ਵੱਲੋਂ ਉਸ ਨੂੰ ਕੋਰੋਨਾ ਦਾ ਟੈਸਟ ਕਰਵਾਉਣ ਦੀ ਸਲਾਹ ਦਿੱਤੀ। ਇਸ ਦੇ ਬਾਅਦ ਉਹ ਉਥੋਂ ਫਰਾਰ ਹੋ ਗਈ। ਲੜਕੀ ਦੇ ਭੱਜਣ ਦੀ ਸੂਚਨਾ ਨਾਲ ਸਿਹਤ ਵਿਭਾਗ ਤੇ ਪ੍ਰਸ਼ਾਸਨ ਵਿੱਚ ਤਰਥੱਲੀ ਮਚ ਗਈ। ਇਸ ਪਿੱਛੋਂ ਸਿਹਤ ਵਿਭਾਗ ਦੀ ਟੀਮ ਨੇ ਜਦੋਂ ਉਸ ਨਾਲ ਸੰਪਰਕ ਕਰ ਕੇ ਸਮਝਾਇਆ ਤਾਂ ਉਹ ਸੁਲਤਾਨਪੁਰ ਲੋਧੀ ਸਰਕਾਰੀ ਹਸਪਤਾਲ ਪਹੁੰਚੀ, ਜਿੱਥੇ ਡਾਕਟਰਾਂ ਨੇ ਉਸ ਦੀ ਜਾਂਚ ਕੀਤੀ ਅਤੇ ਉਸ ਵਿੱਚ ਕੋਰੋਨਾ ਦਾ ਕੋਈ ਲੱਛਣ ਨਾ ਪਾਏ ਜਾਣ 'ਤੇ ਉਸ ਨੂੰ ਦਵਾਈ ਦੇ ਕੇ ਆਪਣੇ ਘਰ ਭੇਜ ਦਿੱਤਾ ਗਿਆ।

ਆਰਥੋਨੋਵਾ ਹਸਪਤਾਲ ਦੇ ਡਾਇਰੈਕਟਰ ਡਾਕਟਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਕੱਲ੍ਹ ਸੁਲਤਾਨਪੁਰ ਦੀ ਰਹਿਣ ਵਾਲੀ ਸਵਿੱਟਜ਼ਰਲੈਂਡ ਤੋਂ ਆਈ 22 ਸਾਲ ਲੜਕੀ ਏਥੇ ਡਾਕਟਰ ਐਸ ਐਸ ਢੀਂਗਰਾ ਤੋਂ ਜਾਂਚ ਕਰਵਾਉਣ ਲਈ ਆਈ ਸੀ। ਉਸ ਨੂੰ ਬੁਖਾਰ, ਖਾਂਸੀ ਅਤੇ ਨਜਲਾ ਸੀ। ਉਸ ਨੂੰ ਨੋਵਲ ਕੋਰੋਨਾ ਵਾਰਿਸ ਹੋਣ ਦਾ ਸ਼ੱਕ ਦੇਖਦੇ ਹੋਏ ਸਿਹਤ ਵਿਭਾਗ ਵੱਲੋਂ ਸੈਂਪਲ ਲੈ ਕੇ ਜਾਂਚ ਲੈਣ ਦੀ ਗੱਲ ਕਹੀ ਗਈ ਤੇ ਇੰਤਜ਼ਾਰ ਕਰਨ ਲਈ ਕਹਿ ਕੇ ਸਿਹਤ ਵਿਭਾਗ ਨੂੰ ਸੂਚਿਤ ਕੀਤਾ ਸੀ। ਸਿਹਤ ਵਿਭਾਗ ਦੀ ਟੀਮ ਦੇ ਪਹੁੰਚਣ ਤੋਂ ਪਹਿਲਾਂ ਲੜਕੀ ਓਥੋਂ ਭੱਜ ਗਈ। ਮੌਕੇ ਦੀ ਨਜ਼ਾਕਤ ਦੇਖਦੇ ਹੋਏ ਸਿਹਤ ਵਿਭਾਗ ਦੀ ਟੀਮ ਨੇ ਪੁਲਸ ਨੂੰ ਸੂਚਿਤ ਕੀਤਾ ਤਾਂ ਲੜਕੀ ਦੇ ਨਾਲ ਫੋਨ 'ਤੇ ਸੰਪਰਕ ਕੀਤਾ ਗਿਆ। ਸਿਹਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਉਸ ਨੇ ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਵਿੱਚ ਜਾ ਕੇ ਆਪਣਾ ਚੈਕਅਪ ਕਰਵ-ਾਇਆ। ਸਿਵਲ ਸਰਜਨ ਡਾਕਟਰ ਗੁਰਿੰਦਰ ਕੌਰ ਚਾਵਲਾ ਨੇ ਦੱਸਿਆ ਕਿ ਇਸ ਬਾਰੇ ਸਿਵਲ ਸਰਜਨ ਕਪੂਰਥਲਾ ਨਾਲ ਵੀ ਤਾਲਮੇਲ ਕਰ ਲਿਆ ਗਿਆ ਹੈ। ਸੁਲਤਾਨਪੁਰ ਲੋਧੀ ਦੇ ਐਸ ਐਮ ਓ ਡਾਕਟਰ ਅਨਿਲ ਮਨਚੰਦਾ ਨੇ ਦੱਸਿਆ ਕਿ ਟੀਮ ਨੇ ਉਕਤ ਲੜਕੀ ਦਾ ਦੋ ਵਾਰ ਚੈਕਅਪ ਕੀਤਾ ਹੈ, ਉਸ ਵਿੱਚ ਕੋਰੋਨਾ ਵਾਇਰਸ ਦਾ ਕੋਈ ਲਛਣ ਨਹੀਂ ਪਾਇਆ ਗਿਆ ਹੈ।

# ਇਮਰਾਨ ਖ਼ਾਨ ਨੂੰ ਕੋਰੋਨਾ ਦੀ ਚਿੰਤਾ, ਐਮਰਜੈਂਸੀ ਲਾਈ ਤਾਂ ਲੋਕ ਭੁੱਖੇ ਮਰਨਗੇ

ਇਸਲਾਮਾਬਾਦ, 18 ਮਾਰਚ (ਪੋਸਟ ਬਿਊਰੋ)- ਦੁਨੀਆ ਦੇ 159 ਦੇਸ਼ਾਂ ਨੂੰ ਲਪੇਟ ਵਿੱਚ ਲੈਣ ਵਾਲਾ ਕੋਰੋਨਾ ਵਾਇਰਸ ਪਾਕਿਸਤਾਨ ਵਿੱਚ ਪੈਰ ਪਸਾਰ ਰਿਹਾ ਹੈ। ਇੱਥੇ ਅੱਜ ਤਕ 237 ਕੇਸ ਸਾਹਮਣੇ ਆਉਣ ਦੀ ਪੁਸ਼ਟੀ ਹੋਈ ਹੈ।

ਪਾਕਿਸਤਾਨ ਦੇ ਅਖ਼ਬਾਰ ਡਾਨ ਮੁਤਾਬਿਕ ਇਸ ਬਿਮਾਰੀ ਦਾ ਸਭ ਤੋਂ ਵੱਧ ਕਹਿਰ ਸਿੰਧ ਸੂਬੇ ਵਿੱਚ ਦਿਖਾਈ ਦੇ ਰਿਹਾ ਹੈ, ਜਿੱਥੇ ਇਸ ਦੇ 172 ਕੇਸ ਪਤਾ ਲੱਗੇ ਹਨ। ਇਸ ਤੋਂ ਬਿਨਾ ਪੰਜਾਬ ਵਿੱਚ 26, ਬਲੂਚਿਸਤਾਨ ਵਿੱਚ 16, ਖੈਬਰ ਪਖ਼ਤੂਨਖ਼ਵਾ ਵਿੱਚ 16, ਮਕਬੂਜ਼ਾ ਕਸ਼ਮੀਰ ਵਿੱਚ 5 ਕੇਸ ਸਾਹਮਣੇ ਆਏ ਹਨ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਮਨ ਵਿਚ ਇਸ ਦਾ ਵਧਦਾ ਕਹਿਰ ਚਿੰਤਾ ਦਾ ਕਾਰਨ ਬਣ ਰਿਹਾ ਹੈ। ਇਸੇ ਲਈ ਮੰਗਲਵਾਰ ਰਾਤ ਉਨ੍ਹਾਂ ਟੀ ਵੀ ਉੱਤੇ ਆ ਕੇ ਲੋਕਾਂ ਨੂੰ ਸੰਬੋਧਨ ਕੀਤਾ ਤੇ ਉਨ੍ਹਾਂ ਨੂੰ ਨਾ ਘਬਰਾਉਣ ਦੀ ਅਪੀਲ ਕੀਤੀ।

ਜਦੋਂ ਕੋਰੋਨਾ ਵਾਇਰਸ ਦੇ ਕਹਿਰ ਤੋਂ ਬਚਾਉਣ ਤੇ ਇਸ ਦੀਆਂ ਤਿਆਰੀਆਂ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਸਾਰਕ ਦੇਸ਼ਾਂ ਨੂੰ



ਇਕਜੁੱਟ ਕੀਤਾ ਸੀ, ਓਦੋਂ ਇਮਰਾਨ ਖਾਨ ਇਸ ਵਿਚ ਸ਼ਾਮਲ ਨਹੀਂ ਹੋਏ ਸਨ ਤੇ ਇਸ ਦੇ ਲਈ ਆਪਣੇ ਖ਼ਾਸ ਸਲਾਹਕਾਰ ਤੇ ਸਿਹਤ ਮਾਮਲਿਆਂ ਦੇ ਰਾਜ ਮੰਤਰੀ ਜ਼ਫ਼ਰ ਮਿਰਜ਼ਾ ਨੂੰ ਭੇਜਿਆ ਸੀ। ਬਾਅਦ ਵਿੱਚ ਉਨ੍ਹਾਂ ਨੂੰ ਇਸ ਵਾਇਰਸ ਦੇ ਵਧਣ ਦੀ ਆਹਟ ਸੁਣਾਈ ਦੇ ਰਹੀ ਹੈ।

ਡਾਨ ਮੁਤਾਬਿਕ ਟੀ ਵੀ ਉੱਤੇ ਆਪਣੇ ਸੰਬੋਧਨ ਦੌਰਾਨ ਪ੍ਰਧਾਨ ਮੰਤਰੀ ਖਾਨ ਨੇ ਸਪੱਸ਼ਟ ਕਿਹਾ ਕਿ ਪਾਕਿਸਤਾਨ ਵਿੱਚ ਹਰ ਚੀਜ਼ ਦੂਸਰੇ ਦੇਸ਼ਾਂ ਵਾਂਗ ਬੰਦ ਨਹੀਂ ਕੀਤੀ ਜਾ ਸਕਦੀ ਕਿਉਂਕਿ ਪਾਕਿਸਤਾਨ ਬੇਹੱਦ ਗ਼ਰੀਬ ਦੇਸ਼ ਹੈ। ਜੇ ਏਦਾਂ ਕੀਤਾ ਗਿਆ ਤਾਂ ਜਿਹੜੇ ਆਰਥਿਕ ਹਾਲਾਤ ਪਹਿਲਾਂ ਤੋਂ ਬੇਹੱਦ ਖ਼ਰਾਬ ਹਨ, ਉਹ ਬੁਰੀ ਤਰ੍ਹਾਂ ਬੇਕਾਬੂ ਹੋ ਜਾਣਗੇ। ਇਸ ਦਾ ਸਿੱਧਾ ਅਰਥ ਹੈ ਕਿ ਪਾਕਿਸਤਾਨ ਦੇ ਸਿਨੇਮਾਹਾਲ, ਬਾਜ਼ਾਰ, ਸ਼ਾਪਿੰਗ ਮਾਲ, ਸਕੂਲ-ਕਾਲਜ ਜਾਂ ਹੋਰ ਦੂਸਰੀਆਂ ਜਗ੍ਹਾ, ਜਿੱਥੇ ਭੀੜ ਹੋਣ ਕਾਰਨ ਵਾਇਰਸ ਦੇ ਫੈਲਣ ਦਾ ਸਭ ਤੋਂ ਵੱਧ ਖ਼ਤਰਾ ਹੈ ਉਹ ਬੰਦ ਨਹੀਂ ਕੀਤੇ ਜਾਣਗੇ। ਉਨ੍ਹਾਂ ਇਹ ਵੀ ਕਿਹਾ ਕਿ ਜੇ ਅਜਿਹਾ ਕੀਤਾ ਤਾਂ ਇੱਥੇ ਲੋਕ ਭੁੱਖੇ ਮਰ ਜਾਣਗੇ।

ਉਂਜ ਸਿੰਧ ਸੂਬੇ ਨੇ ਇਸ ਉੱਤੇ ਪਹਿਲਾਂ ਇਮਰਾਨ ਖ਼ਾਨ ਦੇ ਬਿਆਨ ਦੇ ਉਲਟ ਫ਼ੈਸਲਾ ਕਰਦੇ ਹੋਏ ਆਪਣੇ ਰਾਜ ਵਿੱਚ ਇਨ੍ਹਾਂ ਚੀਜ਼ਾਂ ਨੂੰ ਪੂਰੀ ਤਰ੍ਹਾਂ ਬੰਦ ਕਰ ਵੀ ਦਿੱਤਾ ਹੈ। ਇਮਰਾਨ ਖ਼ਾਨ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਖ਼ੁਦ ਨੂੰ ਬਚਾਉਣ ਲਈ ਸਾਰੇ ਸੁਰੱਖਿਆ ਉਪਾਅ ਕਰਨ ਅਤੇ ਇਸ ਦੇ ਲਈ ਉਨ੍ਹਾਂ ਧਰਮ ਗੁਰੂਆਂ ਦੀ ਵੀ ਮਦਦ ਮੰਗੀ ਹੈ। ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਕੋਰੋਨਾ ਵਾਇਰਸ ਦੇ ਲਈ ਇਕ ਇਕਨਾਮਿਕ ਕਮੇਟੀ ਵੀ ਬਣਾਈ ਹੈ। ਇਹ ਕਮੇਟੀ ਯਕੀਨੀ ਬਣਾਏਗੀ ਕਿ ਅਜਿਹੇ ਖ਼ਰਾਬ ਹਾਲਾਤ ਵਿੱਚ ਕੋਈ ਜ਼ਰੂਰੀ ਚੀਜ਼ਾਂ ਦੀ ਜਮ੍ਹਾਂਖੋਰੀ ਨਾ ਕਰ ਸਕੇ।

## ਗਲੇ ਵਿੱਚ ਸਾਫਾ ਪਾ ਕੇ ਨੌਜਵਾਨ ਦੀ ਹੱਤਿਆ

ਜੰਡਿਆਲਾ ਗੁਰੂ, 18 ਮਾਰਚ (ਪੋਸਟ ਬਿਊਰੋ)- ਜੰਡਿਆਲਾ ਗੁਰੂ ਨੇੜਲੇ ਕਿਲਾ ਜੀਵਨ ਸਿੰਘ ਵਿੱਚ ਇੱਕ ਨੌਜਵਾਨ ਦੀ ਹੱਤਿਆ ਕਰ ਕੇ ਲਾਸ਼ ਰਜਬਾਹੇ ਨੇੜੇ ਸੁੱਟ ਦਿੱਤੀ ਗਈ ਸੀ। ਕੱਲ੍ਹ ਸਵੇਰੇ ਸੂਚਨਾ ਮਿਲਣ ਉਤੇ ਡੀ ਐਸ ਪੀ ਜੰਡਿਆਲਾ ਗੁਰੂ ਗੁਰਿੰਦਰਬੀਰ ਸਿੰਘ ਘਟਨਾ ਵਾਲੀ ਥਾਂ ਪਹੁੰਚੇ। ਮ੍ਰਿਤਕ ਦੀ ਪਛਾਣ ਅਵਤਾਰ ਸਿੰਘ ਉਰਫ ਬਾਲਾ (40) ਪੁੱਤਰ ਅਮਰੀਕ ਸਿੰਘ ਵਾਸੀ ਕਿਲ੍ਹਾ ਜੀਵਨ ਸਿੰਘ ਥਾਣਾ ਜੰਡਿਆਲਾ ਗੁਰੂ ਦੇ ਰੂਪ ਵਿੱਚ ਹੋਈ ਹੈ। ਅਮਰੀਕ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਬੇਟਾ ਅਵਤਾਰ ਮਿਹਨਤ ਮਜ਼ਦੂਰੀ ਦਾ ਕੰਮ ਕਰਦਾ ਸੀ ਅਤੇ ਕੱਲ੍ਹ ਸ਼ਾਮ ਕਰੀਬ 7.30 ਵਜੇ ਉਹ ਆਪਣੀ ਪਤਨੀ ਨੂੰ ਇਹ ਕਹਿ ਕੇ ਗਿਆ ਕਿ ਉਹ ਥੋੜ੍ਹੀ ਦੇਰ ਤੱਕ ਵਾਪਸ ਆਵੇਗਾ। ਇਸ ਮਗਰੋਂ ਪੀ ਸੀ ਆਰ ਟੀਮ ਨੂੰ ਵੀ ਇਸ ਦੀ ਸੂਚਨਾ ਦਿੱਤੀ ਸੀ।


## ਕਾਮਿਆਂ ਦੀ ਲੋੜ

ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ। ਰਾਈਡ ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

**647-764-3637**



## ਹੈਲਪਰ ਦੀ ਲੋੜ ਹੈ



Construction Company
FULL TIME WORK
416-618-3358 | 905-789-7783


# ਕੈਨੇਡਾ ਤੋਂ ਆਏ ਨੌਜਵਾਨ ਦੀ ਸੜਕ ਹਾਦਸੇ ਵਿੱਚ ਮੌਤ

ਲੁਧਿਆਣਾ, 18 ਮਾਰਚ (ਪੋਸਟ ਬਿਊਰੋ)- ਗਿੱਲ ਰੋਡ ਉੱਤੇ ਸੜਕ ਹਾਦਸੇ ਵਿੱਚ ਸਕੂਟਰ 'ਤੇ ਜਾਂਦੇ ਇੱਕ ਨੌਜਵਾਨ ਨੂੰ ਟੈਂਪੂ ਚਾਲਕ ਨੇ ਆਪਣੀ ਲਪੇਟ ਵਿੱਚ ਲੈ ਲਿਆ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਉਸ ਦੇ ਨਾਲ ਸਕੂਟਰ 'ਤੇ ਸਵਾਰ ਦੂਜਾ ਨੌਜਵਾਨ ਗੰਭੀਰ ਜ਼ਖਮੀ ਹੋ ਗਿਆ। ਮਰਨ ਵਾਲੇ ਨੌਜਵਾਨ ਦੀ ਪਛਾਣ ਕੈਨੇਡਾ ਤੋਂ ਪੰਜਾਬ ਵਿੱਚ ਆਏ ਪਿੰਡ ਗਿੱਲ ਦੇ ਰਹਿਣ ਵਾਲੇ ਬਲਜੀਤ ਸਿੰਘ ਵਜੋਂ ਹੋਈ ਹੈ।




ਪਿੰਡ ਉਟਾਲਾਂ ਤਸੀਲ ਸਮਰਾਲਾ ਦੇ ਸਮਸ਼ੇਰ ਸਿੰਘ ਨੇ ਦੱਸਿਆ ਕਿ ਉਸ ਦੀ ਭੈਣ ਹਰਜਿੰਦਰ ਕੌਰ ਤੇ ਭਣੋਈਆ ਬਲਜੀਤ ਸਿੰਘ ਕਾਫੀ ਸਮੇਂ ਤੋਂ ਕੈਨੇਡਾ ਰਹਿ ਰਹੇ ਹਨ ਅਤੇ ਕੁਝ ਦਿਨਾਂ ਤੋਂ ਆਪਣੇ ਪਿੰਡ ਗਿੱਲ ਆਏ ਹੋਏ ਸਨ। ਉਨ੍ਹਾਂ ਦੇ ਘਰ ਦੀ ਦੇਖਭਾਲ ਪਿੰਡ ਬੁਲਾਰਾ ਦਾ ਵਸਨੀਕ ਮੇਜਰ ਸਿੰਘ ਕਰਦਾ ਹੈ। ਕੱਲ੍ਹ ਮੇਜਰ ਸਿੰਘ ਬਿਮਾਰ ਹੋ ਗਿਆ ਤਾਂ ਬਲਜੀਤ ਸਿੰਘ ਉਸ ਨੂੰ ਆਪਣੇ ਨਾਲ ਸਕੂਟਰ 'ਤੇ ਬਿਠਾ ਕੇ ਸ਼ਹਿਰ ਡਾਕਟਰ ਨੂੰ ਦਿਖਾਉਣ ਜਾ ਰਿਹਾ ਸੀ, ਜਦ ਉਹ ਦੋਵੇਂ ਜਣੇ ਗਿੱਲ ਰੋਡ ਉੱਤੇ ਆਈ ਟੀ ਆਈ ਦੇ ਸਾਹਮਣੇ ਪੁੱਜੇ ਤਾਂ ਤੇਜ਼ ਰਫਤਾਰ ਟੈਂਪੂ ਚਾਲਕ ਨੇ ਉਨ੍ਹਾਂ ਵਿੱਚ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿੱਚ ਦੋਵੇਂ ਗੰਭੀਰ ਜ਼ਖਮੀ ਹੋ ਗਏ। ਉਨ੍ਹਾਂ ਨੂੰ ਜ਼ਖਮੀ ਹਾਲਤ ਵਿੱਚ ਮਾਡਲ ਟਾਊਨ ਸਥਿਤ ਦੀਪ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਬਲਜੀਤ ਸਿੰਘ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਮੇਜਰ ਸਿੰਘ ਹਸਪਤਾਲ ਦਾਖਲ ਹੈ। ਥਾਣਾ ਸ਼ਿਮਲਾਪੁਰੀ ਦੇ ਜਾਂਚ ਅਫਸਰ ਏ ਐੱਸ ਆਈ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਮੁੱਢਲੀ ਜਾਂਚ ਤੋਂ ਬਾਅਦ ਇਸ ਹਾਦਸੇ ਲਈ ਦੋਸ਼ੀ ਦੀ ਸ਼ਨਾਖਤ ਹੈਬੋਵਾਲ ਕਲਾਂ ਦੇ ਸੁਰੇਸ਼ ਕੁਮਾਰ ਵਜੋਂ ਕੀਤੀ ਹੈ।

# ਹੰਗਾਮਾ ਕਰਦਾ ਨੌਜਵਾਨ ਫੜ੍ਹਿਆ, ਥਾਣੇ ਦੇ ਬਾਹਰ ਮੌਤ

ਜਲੰਧਰ, 18 ਮਾਰਚ (ਪੋਸਟ ਬਿਊਰੋ)- ਕਪੂਰਥਲਾ ਰੋਡ ਦੀ ਪ੍ਰਾਈਮ ਕਲੋਨੀ ਵਿੱਚ ਸੋਮਵਾਰ ਰਾਤ ਹੰਗਾਮਾ ਕਰਦੇ ਹੋਏ ਕਸਟਡੀ ਵਿੱਚ ਲਏ ਗਏ 36 ਸਾਲਾ ਨੌਜਵਾਨ ਦਲਜੀਤ ਸਿੰਘ ਚੀਮਾ ਦੀ ਕਰੀਬ ਦੋ ਘੰਟੇ ਬਾਅਦ ਥਾਣਾ ਮਕਸੂਦਾਂ ਦੇ ਬਾਹਰ ਮੌਤ ਹੋ ਗਈ। ਕਸਟਡੀ ਵਿੱਚ ਹੋਈ ਮੌਤ ਬਾਰੇ ਮੈਜਿਸਟਰੇਟੀ ਜਾਂਚ ਸ਼ੁਰੂ ਕੀਤੀ ਗਈ ਹੈ।

ਇਸ ਦੇ ਬਾਅਦ ਜੱਜ ਦੀ ਹਾਜ਼ਰੀ ਵਿੱਚ ਵੀਡੀਓਗਰਾਫੀ ਹੇਠ ਡਾਕਟਰ ਰਾਕੇਸ਼ ਚੋਪੜਾ, ਡਾਕਟਰ ਭੁਪਿੰਦਰ ਸਿੰਘ ਅਤੇ ਡਾਕਟਰ ਹਰਕਮਲਜੀਤ ਕੌਰ ਦੇ ਮੈਡੀਕਲ ਬੋਰਡ ਨੇ ਪੋਸਟ ਮਾਰਟਮ ਕੀਤਾ ਤਾਂ ਸੱਟ ਦੇ ਕੋਈ ਨਿਸ਼ਾਨ ਨਹੀਂ ਮਿਲੇ। ਦਲਜੀਤ ਦੇ ਵੱਡੇ ਭਰਾ ਹਰਪ੍ਰੀਤ ਸਿੰਘ ਦੇ ਬਿਆਨ ਉੱਤੇ ਰਿਪੋਰਟ ਦਰਜ ਕੀਤੀ ਗਈ ਹੈ।



ਸੋਮਵਾਰ ਦੇਰ ਰਾਤ ਥਾਣੇ ਵਿੱਚ ਓਦੋਂ ਸਨਸਨੀ ਫੈਲ ਗਈ, ਜਦ ਪਤਾ ਲੱਗਾ ਕਿ ਦੋ ਘੰਟੇ ਪਹਿਲਾਂ ਕਸਟਡੀ ਵਿੱਚ ਲਏ ਗਏ ਦਲਜੀਤ ਸਿੰਘ ਚੀਮਾ ਦੀ ਸੇਕ੍ਰੇਡ ਹਾਰਟ ਹਸਪਤਾਲ ਵਿੱਚ ਮੌਤ ਹੋ ਗਈ ਹੈ। ਮਕਸੂਦਾਂ ਦੀ ਉਪ ਚੌਕੀ ਮੰਡ ਦੀ ਪੁਲਸ ਨੂੰ ਸੋਮਵਾਰ ਰਾਤ ਸੂਚਨਾ ਮਿਲੀ ਸੀ ਕਿ ਜਲੰਧਰ ਪ੍ਰਾਈਮ ਕਲੋਨੀ ਵਿੱਚ ਇੱਕ ਨੌਜਵਾਨ ਹੰਗਾਮਾ ਕਰ ਕੇ ਲੋਕਾਂ ਨੂੰ ਤੰਗ ਕਰ ਰਿਹਾ ਹੈ। ਸੁਸਾਇਟੀ ਦੇ ਪ੍ਰਧਾਨ ਸ਼ਾਮ ਲਾਲ ਅਤੇ ਹੋਰਨਾਂ ਨੇ ਸ਼ਿਕਾਇਤ ਦਿੱਤੀ ਤਾਂ ਪੁਲਸ ਨੇ ਦਲਜੀਤ ਸਿੰਘ ਨੂੰ ਕਸਟਡੀ ਵਿੱਚ ਲੈ ਕੇ ਤਲਾਸ਼ੀ ਲਈ, ਜਿਸ ਦੌਰਾਨ ਉਸ ਦੀ ਜੇਬ 'ਚੋਂ ਦੋ ਗੋਲੀਆਂ ਮਿਲੀਆਂ ਸਨ। ਪੁਲਸ ਅਨੁਸਾਰ ਥਾਣਾ ਮਕਸੂਦਾਂ ਦੇ ਬਾਹਰ ਦਲਜੀਤ ਨੇ ਕਿਹਾ ਕਿ ਪਾਣੀ ਪੀਣਾ ਹੈ। ਪਾਣੀ ਪਿਲਾਇਆ ਤਾਂ ਲੜਖੜਾ ਕੇ ਡਿੱਗ ਗਿਆ। ਸੇਕ੍ਰੇਡ ਹਾਰਟ ਹਸਪਤਾਲ ਵਿੱਚ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਕਪੂਰਥਲਾ ਦੇ ਰਹਿਣ ਵਾਲੇ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਸ ਦਾ ਛੋਟਾ ਭਰਾ ਦਲਜੀਤ ਸਿੰਘ ਕਪੂਰਥਲਾ ਰੋਡ 'ਤੇ ਜਲੰਧਰ ਪ੍ਰਾਈਮ ਕਲੋਨੀ ਵਿੱਚ ਮਾਂ ਨਾਲ ਰਹਿੰਦਾ ਸੀ। ਉਨ੍ਹਾਂ ਦੇ ਪਿਤਾ ਦਾ ਦਿਹਾਂਤ ਹੋ ਚੁੱਕਾ ਹੈ। ਉਸ ਦਾ ਭਰਾ ਨਸ਼ਾ ਕਰਨ ਦਾ ਆਦੀ ਸੀ ਅਤੇ ਮਾਨਸਿਕ ਤੌਰ 'ਤੇ ਠੀਕ ਨਹੀਂ ਸੀ। ਉਹ ਕਿਸੇ ਨਾ ਕਿਸੇ ਨਾਲ ਝਗੜਾ ਕਰਦਾ ਰਹਿੰਦਾ ਸੀ। ਸੋਮਵਾਰ ਰਾਤ ਵੀ ਉਸ ਨੇ ਝਗੜਾ ਕੀਤਾ ਤਾਂ ਉਸ ਦੀ ਸ਼ਿਕਾਇਤ ਕੀਤੀ ਗਈ ਸੀ।






## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 | +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ।
ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com






## ਲੜਕੇ ਦੀ ਲੋੜ

ਰਾਮਗੜ੍ਹੀਆ ਲੜਕੀ, 1986 ਦਾ ਜਨਮ, ਕੱਦ 5'2'', ਗੋਰਾ ਰੰਗ, ਯੋਗਤਾ ਐਮ.ਸੀ.ਏ., ਕੈਨੇਡੀਅਨ ਇਮੀਗ੍ਰਾਂਟ, ਆਈ.ਟੀ. ਕੰਪਨੀ ਟੋਰਾਂਟੋ ਵਿੱਚ ਪ੍ਰੋਫੈਸ਼ਨਲ ਅਤੇ ਚੰਗੀ ਪੋਸਟ 'ਤੇ ਜੌਬ ਕਰ ਰਹੀ, ਲਈ ਪੜ੍ਹੇ ਲਿਖੇ ਅਤੇ ਯੋਗ ਵਰ ਦੀ ਲੋੜ ਹੈ। ਲੜਕੀ ਦੀਆਂ ਦੋ ਭੈਣਾਂ, ਇੱਕ ਯੂ.ਕੇ. ਅਤੇ ਦੂਜੀ ਇੰਡੀਆ ਵਿੱਚ ਵੈਲ ਸੈਟਲਡ ਹਨ। ਕਿਰਪਾ ਕਰਕੇ ਲੜਕਾ ਆਪਣਾ ਅਤੇ ਆਪਣੇ ਪਰਿਵਾਰ ਦਾ ਸਾਰਾ ਵੇਰਵਾ ਆਪਣੀ ਫੋਟੋ ਸਮੇਤ ਭੇਜੇ। Email jeetsjandu@gmail.com ਜਾਂ ਸਾਨੂੰ ਵਟਸਐਪ ਨੰਬਰ ਤੇ ਸੰਪਰਕ ਕਰ ਸਕਦੇ ਹੋ: +919463328029

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।ਸੰਪਰਕ ਕਰੋ : 647-994-1985 | 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੰਨ ਨੌਕਰੀ ਕਰਦੀਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710


## UPPAL LAW


AVTAR UPPAL
Manager

**IMMIGRATION SERVICES**
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

**OTHER PRACTICES**
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters


AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY



## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



## STARLANE PAINTING

Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ


ਹਰਜੀਤ ਧਨੋਆ

416.230.4000 • 647.409.1092
www.STARLANEPAINTING.com

# ਮਹਿਮ (ਹਰਿਆਣਾ) ਦੇ ਵਿਧਾਇਕ ਬਲਰਾਜ ਕੁੰਡੂ ਦੀ ਟਿਪਣੀਆਂ ਨਾਲ ਪੰਜਾਬੀ ਸਮਾਜ ਨਾਰਾਜ਼

ਗੋਹਾਣਾ, 18 ਮਾਰਚ (ਪੋਸਟ ਬਿਊਰੋ)- ਮਹਿਮ ਹਲਕੇ ਦੇ ਆਜ਼ਾਦ ਵਿਧਾਇਕ ਬਲਰਾਜ ਕੁੰਡੂ ਦੀ ਟਿਪਣੀਆਂ ਤੋਂ ਪੰਜਾਬੀ ਸਮਾਜ ਨਾਰਾਜ਼ ਹੈ। ਪੰਜਾਬੀ ਸੇਵਾ ਸਮਿਤੀ ਨੇ ਕੁੰਡੂ ਨੂੰ ਚੇਤਾਵਨੀ ਦਿੱਤੀ ਹੈ ਕਿ ਉਹ ਇਤਰਾਜ਼ ਯੋਗ ਸ਼ਬਦ ਵਾਪਸ ਲੈਣ, ਨਹੀਂ ਤਾਂ ਉਹ ਹਰਿਆਣਾ ਵਿੱਚ ਜਿੱਥੇ ਵੀ ਜਾਣਗੇ, ਉਥੇ ਉਨ੍ਹਾਂ ਦਾ ਘੇਰਾਓ ਕੀਤਾ ਜਾਵੇਗਾ।



ਸਮਿਤੀ ਦੇ ਸਰਪ੍ਰਸਤ ਰਮੇਸ਼ ਖੁਰਾਨਾ, ਜਿਹੜੇ ਹਰਿਆਣਾ ਕੈਮਿਸਟਸ ਐਂਡ ਡ੍ਰਗਿਸਟਸ ਐਸੋਈਏਸ਼ਨ ਦੇ ਸਾਬਕਾ ਪ੍ਰਦੇਸ਼ ਪ੍ਰਧਾਨ ਵੀ ਹਨ, ਦੀ ਅਗਵਾਈ ਵਿੱਚ ਹੋਈ ਬੈਠਕ ਵਿੱਚ ਖੁਰਾਨਾ ਨੇ ਕਿਹਾ ਕਿ ਨਿੱਜੀ ਖਿਝ ਦੇ ਕਾਰਨ ਕੁੰਡੂ ਨੇ ਜੋ ਚਿੱਕੜ ਉਛਾਲਿਆ ਹੈ, ਉਹ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਨੇ ਕੁੰਡੂ ਨੂੰ ਸਵਾਲ ਕੀਤਾ ਕਿ ਆਜ਼ਾਦ ਉਮੀਦਵਾਰ ਹੁੰਦੇ ਹੋਏ ਉਹ ਮਹਿਮ ਦੇ ਪੰਜਾਬੀਆਂ ਦੇ ਵੋਟਾਂ ਦੇ ਬਿਨਾਂ ਐਮ ਐਲ ਏ ਕਿਵੇਂ ਬਣ ਗਏ। ਸਮਿਤੀ ਦੇ ਨੇਤਾ ਰਮੇਸ਼ ਖੁਰਾਨਾ ਨੇ ਕਿਹਾ ਕਿ ਮਨੋਹਰ ਲਾਲ ਖਟਰ ਐਸੇ ਪਹਿਲੇ ਮੁੱਖ ਮੰਤਰੀ ਹਨ, ਜਿਨ੍ਹਾਂ ਨੇ ਕਦੀ ਖੁਦ ਨੂੰ ਪੰਜਾਬੀ ਨਹੀਂ ਕਿਹਾ, ਬਲਕਿ 'ਹਰਿਆਣਾ ਇੱਕ-ਹਰਿਆਣਵੀ ਇੱਕ' ਦਾ ਨਾਰਾ ਵੀ ਉਨ੍ਹਾਂ ਨੇ ਹੀ ਦਿੱਤਾ ਸੀ। ਪਹਿਲੀਆਂ ਸਰਕਾਰਾਂ ਦੇ ਮੁੱਖ ਮੰਤਰੀ ਖੁਲ੍ਹੇ ਮੰਚਾਂ ਤੋਂ ਕਿਹਾ ਕਰਦੇ ਸਨ ਕਿ ਉਹ ਮੁੱਖ ਮੰਤਰੀ ਬਾਅਦ ਵਿੱਚ ਅਤੇ ਆਪਣੀ ਜਾਤੀ ਦੇ ਪਹਿਲੇ ਹਨ।

# ਪਤੰਜਲੀ ਆਯੁਰਵੈਦ ਉੱਤੇ 75.1 ਕਰੋੜ ਰੁਪਏ ਜੁਰਮਾਨਾ ਲੱਗਾ

ਨਵੀਂ ਦਿੱਲੀ, 18 ਮਾਰਚ (ਪੋਸਟ ਬਿਊਰੋ)- ਗੁਡਜ਼ ਐਂਡ ਸਰਵਿਸ ਟੈਕਸ (ਜੀ ਐੱਸ ਟੀ) ਦੇ ਰੇਟ ਵਿੱਚ ਕਟੌਤੀ ਤੋਂ ਬਾਅਦ ਵੀ ਉਤਪਾਦ ਦੇ ਮੁੱਲ ਨਾ ਘਟਾਉਣ 'ਤੇ ਯੋਗੀ ਬਾਬਾ ਰਾਮਦੇਵ ਦੀ ਕੰਪਨੀ ਪਤੰਜਲੀ ਆਯੁਰਵੈਦ ਉੱਤੇ 75.1 ਕਰੋੜ ਰੁਪਏ ਜੁਰਮਾਨਾ ਲੱਗਾ ਹੈ। ਪਤੰਜਲੀ ਆਯੁਰਵੈਦ ਉੱਤੇ ਰਾਸ਼ਟਰੀ ਮੁਨਾਫਾਖੋਰੀ ਰੋਕੂ ਅਥਾਰਟੀ ਨੇ ਇਹ ਜੁਰਮਾਨਾ ਲਾਇਆ ਹੈ। ਦੋਸ਼ ਹੈ ਕਿ ਜੀ ਐਸ ਟੀ ਰੇਟ ਘੱਟ ਹੋਣ ਤੋਂ ਬਾਅਦ ਵੀ ਪਤੰਜਲੀ ਨੇ ਆਪਣੇ ਉਤਪਾਦਾਂ ਦੀ ਕੀਮਤ ਵਿੱਚ ਕਮੀ ਨਹੀਂ ਕੀਤੀ, ਸਗੋਂ ਡਿਟਰਜੈਂਟ ਪਾਊਡਰ ਦੀ ਕੀਮਤ ਵਿੱਚ ਵਾਧਾ ਕਰ ਦਿੱਤਾ ਸੀ।

ਇਸ ਸੰਬੰਧ ਵਿੱਚ 12 ਮਾਰਚ ਨੂੰ ਅਥਾਰਟੀ ਵੱਲੋਂ ਦਿੱਤੇ ਆਦੇਸ਼ 'ਚ ਪਤੰਜਲੀ ਆਯੁਰਵੈਦ ਨੂੰ ਕਿਹਾ ਗਿਆ ਹੈ ਕਿ ਉਹ ਇਸ ਜੁਰਮਾਨੇ ਨੂੰ ਜਮ੍ਹਾ ਕਰਵਾਏ। ਇਸ ਤੋਂ ਇਲਾਵਾ ਕੇਂਦਰ ਤੇ ਸੂਬਾ ਸਰਕਾਰਾਂ ਦੇ ਕੰਜ਼ਿਊਮਰ ਵੈਲਫੇਅਰ ਫੰਡ 'ਚ 18 ਫੀਸਦੀ ਜੀ ਐੱਸ ਟੀ ਜਮ੍ਹਾ ਕਰਵਾਉਣ ਦਾ ਹੁਕਮ ਦਿੱਤਾ ਗਿਆ ਹੈ। ਅਥਾਰਟੀ ਨੇ ਕਿਹਾ ਕਿ ਜੀ ਐੱਸ ਟੀ ਐਕਟ ਹੇਠ ਰੇਟ 'ਚ ਕਮੀ ਕਰਨ ਤੋਂ ਬਾਅਦ ਵੀ ਪਤੰਜਲੀ ਨੇ ਗਾਹਕਾਂ ਨੂੰ ਵੇਚੇ ਜਾਂਦੇ ਸਾਮਾਨ ਦੇ ਰੇਟਾਂ ਵਿੱਚ ਕਟੌਤੀ ਨਹੀਂ ਕੀਤੀ। ਇਸ ਤੋਂ ਬਾਅਦ ਪਤੰਜਲੀ ਨੂੰ ਨੋਟਿਸ ਜਾਰੀ ਕਰ ਕੇ ਪੁੱਛਿਆ ਗਿਆ ਕਿ ਆਖਰ ਤੁਹਾਡੇ 'ਤੇ ਇਸ ਲਈ ਜੁਰਮਾਨਾ ਕਿਉਂ ਨਾ ਲਾਇਆ ਜਾਵੇ। ਅਥਾਰਟੀ ਨੇ ਕਿਹਾ ਕਿ ਸਭ ਚੀਜ਼ਾਂ 'ਤੇ ਜੀ ਐੱਸ ਟੀ ਰੇਟ ਨੂੰ 28 ਤੋਂ 18 ਫੀਸਦੀ ਅਤੇ 18 ਤੋਂ 12 ਫੀਸਦੀ ਕਰ ਦਿੱਤਾ ਗਿਆ ਸੀ, ਪਰ ਨਵੰਬਰ 2017 ਦੇ ਇਸ ਫੈਸਲੇ ਦਾ ਫਾਇਦਾ ਪਤੰਜਲੀ ਨੇ ਗਾਹਕਾਂ ਨੂੰ ਨਹੀਂ ਦਿੱਤਾ। ਅਥਾਰਟੀ ਨੂੰ ਦਿੱਤੇ ਜਵਾਬ ਵਿੱਚ ਪਤੰਜਲੀ ਨੇ ਕਿਹਾ ਸੀ ਕਿ ਜੀ ਐੱਸ ਟੀ ਲਾਗੂ ਹੋਣ ਤੋਂ ਬਾਅਦ ਟੈਕਸ ਵਿੱਚ ਜੋ ਵਾਧਾ ਹੋਇਆ ਸੀ, ਉਦੋਂ ਉਸ ਨੇ ਗਾਹਕਾਂ 'ਤੇ ਕੀਮਤਾਂ ਦਾ ਬੋਝ ਨਹੀਂ ਵਧਾਇਆ ਸੀ। ਅਥਾਰਟੀ ਨੇ ਪਤੰਜਲੀ ਆਯੁਰਵੈਦ ਦੀ ਇਸ ਦਲੀਲ ਨੂੰ ਰੱਦ ਕਰ ਦਿੱਤਾ। ਰਾਸ਼ਟਰੀ ਮੁਨਾਫਾਖੋਰੀ ਰੋਕੂ ਅਥਾਰਟੀ ਨੇ ਕਿਹਾ ਕਿ ਕੰਪਨੀ ਨੇ ਪਹਿਲਾਂ ਕੀਮਤਾਂ ਨਹੀਂ ਵਧਾਈਆਂ ਸਨ, ਇਹ ਟੈਕਸ 'ਚ ਕਟੌਤੀ ਤੋਂ ਬਾਅਦ ਕੀਮਤਾਂ ਨਾ ਘਟਾਉਣ ਦਾ ਕਾਰਨ ਨਹੀਂ ਹੋ ਸਕਦਾ। ਇਸ ਤੋਂ ਬਿਨਾ ਅਥਾਰਟੀ ਨੇ ਪਤੰਜਲੀ ਆਯੁਰਵੈਦ ਦੀ ਉਸ ਦਲੀਲ ਨੂੰ ਰੱਦ ਕਰ ਦਿੱਤਾ, ਜਿਸ 'ਚ ਉਸ ਨੇ ਕਿਹਾ ਸੀ ਕਿ ਉਸ ਖਿਲਾਫ ਜਾਂਚ ਹੋਣਾ ਦੇਸ਼ ਵਿੱਚ ਕਾਰੋਬਾਰ ਕਰਨ ਦੇ ਉਸ ਦੇ ਮੁੱਢਲੇ ਅਧਿਕਾਰ ਦੀ ਉਲੰਘਣਾ ਹੈ।




# ਸਰਕਾਰ ਅੰਦਰ ਸੰਵਾਦਹੀਣਤਾ ਕਾਰਨ ਦਿਲ ਰੋਂਦੈ: ਰੂਡੀ

ਨਵੀਂ ਦਿੱਲੀ, 18 ਮਾਰਚ (ਪੋਸਟ ਬਿਊਰੋ)- ਸਾਬਕਾ ਕੇਂਦਰੀ ਮੰਤਰੀ ਤੇ ਸੀਨੀਅਰ ਭਾਜਪਾ ਪਾਰਲੀਮੈਂਟ ਮੈਂਬਰ ਰਾਜੀਵ ਪ੍ਰਤਾਪ ਰੂਡੀ ਨੇ ਕੱਲ੍ਹ ਲੋਕ ਸਭਾ ਵਿੱਚ ਆਪਣੀ ਹੀ ਸਰਕਾਰ 'ਤੇ ਹਮਲਾ ਕਰਦਿਆਂ ਸਰਕਾਰ ਅੰਦਰ ਸੰਵਾਦਹੀਣਤਾ ਦੀ ਹਾਲਤ ਹੋਣ ਦਾ ਦੋਸ਼ ਲਾਇਆ ਅਤੇ ਕਿਹਾ ਕਿ ਅਜਿਹੀ ਹਾਲਤ ਵੇਖ ਕੇ ਉਨ੍ਹਾਂ ਦਾ ਦਿਲ ਰੋਂਦਾ ਹੈ। ਸਦਨ ਵਿੱਚ ਹਵਾਬਾਜ਼ੀ ਖੇਤਰ ਬਾਰੇ ਬਿੱਲ 'ਤੇ ਚਰਚਾ ਵਿੱਚ ਹਿੱਸਾ ਲੈਂਦਿਆਂ ਰੂਡੀ ਨੇ ਕਿਹਾ ਕਿ ਪਾਇਲਟਾਂ ਨੂੰ ਵਿਦੇਸ਼ਾਂ ਵਿੱਚ ਸਿਖਲਾਈ ਦੇਣ ਲਈ ਪੰਜਾਹ ਕਰੋੜ ਡਾਲਰ ਦੀ ਰਕਮ ਸਾਲਾਨਾ ਖਰਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਸਿਰਫ 250 ਜਹਾਜ਼ ਚਾਲਕਾਂ ਦੀ ਸਿਖਲਾਈ ਦਾ ਪ੍ਰਬੰਧ ਹੈ ਜਦ ਕਿ ਦੇਸ਼ ਨੂੰ ਸਾਲਾਨਾ ਇੱਕ ਹਜ਼ਾਰ ਪਾਇਲਟਾਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਮੱਸਿਆ ਇਹ ਹੈ ਕਿ ਹਵਾਬਾਜ਼ੀ ਸੈਕਟਰ ਦੀਆਂ ਮੁਸ਼ਕਲਾਂ ਨੂੰ ਕਿਤੇ ਕੋਈ ਜਾਣਨਾ ਨਹੀਂ ਚਾਹੁੰਦਾ। ਕੋਈ ਜਾਣਨਾ ਤਾਂ ਚਾਹੇ, ਗੱਲ ਤਾਂ ਕਰੇ, ਦਿਲ ਰੋਂਦਾ ਹੈ। ਪ੍ਰਧਾਨ ਮੰਤਰੀ ਜਿਸ ਲਗਨ ਨਾਲ ਆਪਣੇ ਆਪ ਨੂੰ ਦੇਸ਼ ਲਈ ਖਪਾਉਣਾ ਚਾਹੁੰਦੇ ਹਨ, ਅਸੀਂ ਵੀ ਉਸੇ ਤਰ੍ਹਾਂ ਦੇਸ਼ ਦੀ ਸੇਵਾ ਲਈ ਤਿਆਰ ਹਾਂ। ਉਨ੍ਹਾਂ ਕਿਹਾ, ਸਾਨੂੰ ਪਾਰਲੀਮੈਂਟ ਦਾ ਤੀਹ ਸਾਲ ਤਜਰਬਾ ਹੈ ਅਤੇ ਰਿਟਾਇਰ ਹੋਣ ਦਾ ਸਮਾਂ ਹੈ। ਰਾਜਸੀ ਕਰੀਅਰ ਦੇ ਆਪਣੇ ਆਖਰੀ ਪੰਜ ਸਾਲਾਂ ਵਿੱਚ ਹਾਂ। ਤੀਹ ਸਾਲ ਬਹੁਤ ਹੁੰਦੇ ਹਨ। ਰੂਡੀ ਨੇ ਕਿਹਾ ਕਿ ਇਹ ਸਭ ਗੱਲਾਂ ਇਸ ਲਈ ਕਹੀਆਂ ਹਨ ਕਿ ਸ਼ਾਇਦ ਕੋਈ ਸੁਣ ਲਵੇ। ਇਸ ਤੋਂ ਪਹਿਲਾਂ ਉਨ੍ਹਾਂ ਪਟਨਾ ਹਵਾਈ ਅੱਡੇ ਬਾਰੇ ਕਿਹਾ ਕਿ ਉਥੇ ਗਰੀਨ ਫੀਲਡ ਹਵਾਈ ਅੱਡੇ ਦੀ ਲੋੜ ਸੀ ਅਤੇ ਉਹ ਵੱਡਾ ਹਵਾਈ ਹੱਬ ਬਣ ਸਕਦਾ ਸੀ, ਪਰ ਉਥੇ 4700 ਕਰੋੜ ਰੁਪਏ ਖਰਚ ਕੀਤਾ ਜਾ ਰਿਹਾ ਹੈ ਜਿਸ ਨਾਲ ਇੱਕ ਫੀਸਦੀ ਸੰਚਾਲਨ ਲਾਭ ਮਿਲੇਗਾ, ਜੋ ਧਨ ਦੀ ਬਰਬਾਦੀ ਹੈ। ਉਨ੍ਹਾਂ ਕਿਹਾ ਕਿ ਉਹ ਇਸ ਬਾਰੇ ਪਿਛਲੇ ਛੇ ਮਹੀਨਿਆਂ ਤੋਂ ਗੱਲ ਕਰਨਾ ਚਾਹ ਰਹੇ ਹਨ, ਪਰ ਵਿਚਾਰ-ਵਟਾਂਦਰੇ ਦੀ ਕਮੀ ਹੈ, ਅਨੁਭਵੀ ਲੋਕਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ।


jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜ਼ਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ: 110 Glidden Rd., Brampton
ਜਾਂ ਫੇਰ ਈ-ਮੇਲ ਕਰੋ: jbrown@dundasjafine.com kkaur@dundasjafine.com

ਕਾਮਿਆਂ ਦੀ ਲੋੜ
ਫਾਰਮ ਵਿੱਚ ਕੰਮ ਕਰਨ ਲਈ ਕਾਮਿਆ ਦੀ ਤੁਰੰਤ ਜਰੂਰਤ ਹੈ। Pickup ਅਤੇ Drop off ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
ਸੂਬੇਦਾਰ ਜਾਂ ਅਵਤਾਰ ਸਿੰਘ
647-400-0060

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ਼ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara) 647-710-7760 Email: info@gf1security.com
1085 Bellamy Rd (N) Unit #210 Scarbrough (Toronto) 647-929-7736 Web: www.gf1security.com
REVIVE EMS · CANADIAN RED CROSS Training Partner

A/Z CITY DRIVER WANTED
INNOVATION Transportation
○A/Z City Drivers Needed
○Good Pay and good Mileage
○Day, Afternoon & Weekend Shifts
○Weekly Pay
$22 /Hour
○7 Days Work ○All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services: • Complete Basement • Tiles • Bathrooms • Plumbing • Laminate • Hardwood Floor • Painting
A-1 RENOVATION GTA INC.
22 Listcreek Road, Brampton L6p 2n6

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011 Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $57 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
KARAM SINGH PUNIAN Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਬਿਰਧ ਆਸ਼ਰਮ ਵਿੱਚ ਰਹਿੰਦੇ ਹਨ ਕਾਨਪੁਰ ਦੇ ਕਰੋੜਪਤੀ ਪ੍ਰੇਮ ਨਾਥ

ਗਵਾਲੀਅਰ, 18 ਮਾਰਚ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਕਾਨ-ਪੁਰ ਦੇ 84 ਸਾਲਾ ਪ੍ਰੇਮਨਾਥ ਰਾਇਜ਼ਾਦਾ ਗਵਾਲੀਅਰ ਦੇ ਬਿਰਧ ਆਸ਼ਰਮ ਵਿਚ ਰਹਿੰਦੇ ਹਨ। ਇਸ ਦੌਰਾਨ ਉਨ੍ਹਾਂ ਦੀ ਸਿਹਤ ਖਰਾਬ ਹੋਣ 'ਤੇ ਉਨ੍ਹਾਂ ਨੂੰ ਜੈ ਆਰੋਗਯ ਹਸਪਤਾਲ (ਜੇ ਏ ਐਚ) ਵਿੱਚ ਭਰਤੀ ਕਰਾਇਆ ਗਿਆ ਹੈ। ਇਥੇ ਉਨ੍ਹਾਂ ਕੋਲ ਕੋਈ ਆਪਣਾ ਨਹੀਂ, ਜਦ ਕਿ ਗੋਵਿੰਦਪੁਰੀ, ਕਾਨਪੁਰ ਵਿੱਚ ਉਨ੍ਹਾਂ ਦਾ ਪੂਰਾ ਪਰਵਾਰ ਹੈ। ਉਹ ਕਰੋੜਾਂ ਦੀ ਜਾਇਦਾਦ ਦੇ ਮਾਲਕ ਸਨ, ਪਰ ਸਾਰੀ ਜਾਇਦਾਦ ਲੈਣ ਦੇ ਬਾਅਦ ਨੂੰਹ-ਪੁੱਤਰ ਨੇ ਉਨ੍ਹਾਂ ਦੋਵਾਂ ਜੀਆਂ ਨੂੰ ਘਰੋਂ ਕੱਢ ਦਿੱਤਾ ਹੈ।

ਤਿੰਨ ਮਹੀਨੇ ਪਹਿਲਾਂ ਪ੍ਰੇਮਨਾਥ ਰਾਇਜ਼ਾਦਾ ਗਵਾਲੀਅਰ ਆਏ ਸਨ ਤੇ ਜਦ ਇਥੇ ਕੋਈ ਟਿਕਾਣਾ ਨਹੀਂ ਮਿਲਿਆ ਤਾਂ ਲਛਮੀਗੰਜ ਦੇ ਬਿਰਧ ਆਸ਼ਰਮ ਪਹੁੰਚੇ। ਉਨ੍ਹਾਂ ਨੂੰ ਮਥੁਰਾ ਵਿੱਚ ਪਰਵਾਰ ਨੇ ਛੱਡ ਦਿੱਤਾ ਸੀ, ਜਿੱਥੋਂ ਉਹ ਗਵਾਲੀਅਰ ਪਹੁੰਚੇ ਸਨ। ਰਾਇਜ਼ਾਦਾ ਦੀ ਕਾਨਪੁਰ ਵਿੱਚ ਟਾਕੀਜ਼ ਅਤੇ ਦੁਕਾਨਾਂ ਸਨ। ਟਰਾਂਸਪੋਰਟ ਦਾ ਕਾਰੋਬਾਰ ਸੀ। ਉਨ੍ਹਾਂ ਦੇ ਬੇਟੇ ਰੋਹਿਤ ਉਰਫ ਆਨੰਦ ਤੇ ਪਰਵਾਰ ਨੇ ਪਹਿਲਾਂ ਪੂਰੀ ਜਾਇਦਾਦ ਆਪਣੇ ਕਬਜ਼ੇ ਵਿੱਚ ਕਰ ਲਈ ਅਤੇ ਫਿਰ ਬਰਬਾਦ ਵੀ ਕਰ ਦਿੱਤੀ। ਰਾਇਜ਼ਾਦਾ ਦਾ ਖਿਆਲ ਰੱਖਣ ਵਾਲੇ ਲੋਕਾਂ ਨੇ ਉਨ੍ਹਾਂ ਦੇ ਬੇਟੇ ਨੂੰ ਫੋਨ ਕੀਤਾ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਗਵਾਲੀਅਰ ਆਉਣ ਲਈ ਪੈਸੇ ਨਹੀਂ ਹਨ। ਇਸ ਦੇ ਬਾਅਦ ਬੇਟੇ ਨੇ ਬੈਂਕ ਖਾਤੇ ਵਿੱਚ ਪੰਜ ਹਜ਼ਾਰ ਰੁਪਏ ਪਵਾਏ, ਪਰ ਉਹ ਆਪ ਨਹੀਂ ਆਇਆ। ਪ੍ਰੇਮਨਾਥ ਦਾ ਬੇਟਾ ਪੰਜ ਦਿਨਾਂ ਤੋਂ ਆਉਣ ਲਈ ਟਾਲ ਮਟੋਲ ਕਰ ਰਿਹਾ ਹੈ।

# ਚੀਨ ਨੇ ਤਿੰਨ ਅਮਰੀਕੀ ਪੱਤਰਕਾਰ ਦੇਸ਼ ਵਿੱਚੋਂ ਕੱਢੇ




**ਪੌਂਪੀਓ ਨੇ ਫ਼ੈਸਲੇ ਉੱਤੇ ਮੁੜ ਵਿਚਾਰ ਲਈ ਕਿਹਾ**

ਬੀਜਿੰਗ, 18 ਮਾਰਚ (ਪੋਸਟ ਬਿਊਰੋ)- ਅਮਰੀਕਾ ਨਾਲ ਤਣਾਅ ਦੌਰਾਨ ਚੀਨ ਨੇ ਤਿੰਨ ਅਮਰੀਕੀ ਪੱਤਰਕਾਰਾਂ ਨੂੰ ਦੇਸ਼ ਤੋਂ ਬਾਹਰ ਜਾਣ ਦਾ ਹੁਕਮ ਦਿੱਤਾ ਹੈ। ਵਿਦੇਸ਼ ਮੰਤਰਾਲੇ ਨੇ ਨਿਊਯਾਰਕ ਟਾਈਮਜ਼, ਵਾਸ਼ਿੰਗਟਨ ਪੋਸਟ ਅਤੇ ਵਾਲ ਸਟ੍ਰੀਟ ਜਰਨਲ ਦੇ ਪੱਤਰਕਾਰਾਂ ਨੂੰ 10 ਦਿਨਾਂ ਦੇ ਅੰਦਰ ਆਪਣੇ ਮੀਡੀਆ ਪਾਸ ਵਾਪਸ ਕਰਨ ਨੂੰ ਕਿਹਾ ਹੈ। ਚੀਨ ਨੇ ਕਿਹਾ ਹੈ ਕਿ ਉਸ ਨੇ ਅਮਰੀਕਾ ਵਿੱਚ ਚੀਨ ਦੇ ਮੀਡੀਆ ਅਦਾਰਿਆਂ ਉੱਤੇ ਗ਼ੈਰ ਜ਼ਰੂਰੀ ਪਾਬੰਦੀ ਲਾਉਣ ਦੇ ਜਵਾਬ ਵਿੱਚ ਇਹ ਕਦਮ ਚੁੱਕਿਆ ਹੈ। ਤਿੰਨ ਅਮਰੀਕੀ ਪੱਤਰਕਾਰਾਂ ਨੂੰ ਹਾਂਗਕਾਂਗ ਅਤੇ ਮਕਾਊ ਸਮੇਤ ਚੀਨ ਦੇ ਕਿਸੇ ਵੀ ਹਿੱਸੇ ਵਿੱਚ ਕੰਮ ਕਰਨ ਦੀ ਆਗਿਆ ਨਹੀਂ ਹੋਵੇਗੀ। ਇਸ ਮੌਕੇ ਚੀਨ ਨੇ ਵਾਇਸ ਆਫ ਅਮਰੀਕਾ, ਦਿ ਨਿਊਯਾਰਕ ਟਾਈਮਜ਼, ਦਿ ਵਾਲ ਸਟ੍ਰੀਟਲ ਜਰਨਲ, ਦਿ ਵਾਸ਼ਿੰਗਟਨ ਪੋਸਟ ਅਤੇ ਟਾਈਮ ਮੈਗਜ਼ੀਨ ਨੂੰ ਕਿਹਾ ਹੈ ਕਿ ਉਹ ਚੀਨ ਵਿੱਚ ਮੌਜੂਦ ਆਪਣੇ ਮੁਲਾਜ਼ਮਾਂ, ਜਾਇਦਾਦ, ਕੰਮ-ਕਾਜ ਤੇ ਰਿਅਲ ਅਸਟੇਟ ਦੀ ਲਿਖਤੀ ਜਾਣਕਾਰੀ ਦੇਣ। ਆਜ਼ਾਦ ਪੱਤਰਕਾਰੀ ਬਾਰੇ ਦੋਵਾਂ ਦੇਸ਼ਾਂ ਦਾ ਵਿਵਾਦ ਫਰਵਰੀ ਵਿੱਚ ਓਦੋਂ ਸ਼ੁਰੂ ਹੋਇਆ ਸੀ, ਜਦੋਂ ਚੀਨ ਨੇ ਵਾਲ ਸਟ੍ਰੀਟ ਜਰਨਲ ਦੇ ਤਿੰਨ ਪੱਤਰਕਾਰਾਂ ਨੂੰ ਦੇਸ਼ ਤੋਂ ਕੱਢ ਦਿੱਤਾ ਸੀ। ਇਹ ਕਾਰਵਾਈ 'ਚੀਨ ਏ ਰਿਅਲ ਸਿਕ ਮੈਨ ਆਫ ਏਸ਼ੀਆ' ਸਿਰਲੇਖ ਹੇਠ ਛਪੀ ਸੰਪਾਦਕੀ ਬਾਰੇ ਕੀਤੀ ਗਈ ਸੀ। ਜਿਨ੍ਹਾਂ ਪੱਤਰਕਾਰਾਂ ਨੂੰ ਕੱਢਿਆ ਗਿਆ, ਉਨ੍ਹਾਂ ਵਿੱਚ ਦੋ ਅਮਰੀਕੀ ਸਨ ਅਤੇ ਇਕ ਆਸਟ੍ਰੇਲੀਆਈ ਨਾਗਰਿਕ ਸੀ। ਇਸ ਦੀ ਪ੍ਰਤੀਕਿਰਿਆ ਵਿੱਚ ਮਾਰਚ ਦੇ ਸ਼ੁਰੂ ਵਿੱਚ ਅਮਰੀਕਾ ਨੇ ਕਿਹਾ ਸੀ ਕਿ ਉਹ ਦੇਸ਼ ਵਿੱਚ ਚੀਨ ਦੇ ਮੀਡੀਆ ਲਈ ਕੰਮ ਕਰਦੇ ਮੁਲਾਜ਼ਮਾਂ ਦੀ ਗਿਣਤੀ 160 ਤੋਂ ਘਟਾ ਕੇ 100 ਕਰੇਗਾ।

ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਚੀਨ ਦੇ ਤਾਜ਼ਾ ਫ਼ੈਸਲੇ ਉੱਤੇ ਮੁੜ ਵਿਚਾਰ ਕਰਨ ਦੀ ਬੇਨਤੀ ਕੀਤੀ ਹੈ। ਉਨ੍ਹਾਂ ਕਿਹਾ ਕਿ ਮੈਨੂੰ ਚੀਨ ਦੇ ਫ਼ੈਸਲੇ ਉੱਤੇ ਦੁੱਖ ਹੈ। ਇਸ ਨਾਲ ਦੁਨੀਆ ਵਿੱਚ ਸੁਤੰਤਰ ਪੱਤਰਕਾਰੀ ਦੇ ਮਕਸਦ ਨੂੰ ਧੱਕਾ ਲੱਗੇਗਾ। ਸੰਸਾਰ ਸੰਕਟ ਦੇ ਦੌਰ ਵਿੱਚ ਚੀਨ ਦੇ ਲੋਕਾਂ ਨੂੰ ਵਧੇਰੇ ਸੂਚਨਾਵਾਂ ਤੇ ਵਧੇਰੇ ਪਾਰਦਰਸ਼ਤਾ ਦੀ ਜ਼ਰੂਰਤ ਹੈ ਤਾਂ ਜੋ ਉਨ੍ਹਾਂ ਦੀ ਜਾਨ ਬਚ ਸਕੇ। ਅਮਰੀਕੀ ਰਾਸ਼ਟਰਪਤੀ ਵੱਲੋਂ ਕੋਰੋਨਾ ਨੂੰ ਚੀਨੀ ਵਾਇਰਸ ਕਹੇ ਜਾਣ ਨਾਲ ਦੋਵਾਂ ਦੇਸ਼ਾਂ ਵਿੱਚ ਤਲਖੀ ਵਧ ਗਈ ਸੀ। ਇਸ ਪਿੱਛੋਂ ਦੋਵਾਂ ਦੇਸ਼ਾਂ ਨੇ ਇਕ-ਦੂਜੇ ਉੱਤੇ ਦੋਸ਼ ਨਾ ਲਾਉਣ ਦੀ ਮੰਗ ਕੀਤੀ ਸੀ। ਟਰੰਪ ਤੋਂ ਪਹਿਲਾਂ ਉਨ੍ਹਾਂ ਦੇ ਇਕ ਸਹਿਯੋਗੀ ਤੇ ਰਿਪਬਲਿਕਨ ਸੈਨੇਟਰ ਨੇ ਵੀ ਇਸ ਨੂੰ ਚੀਨੀ ਵਾਇਰਸ ਕਿਹਾ ਸੀ।

# ਵਿਜੀਲੈਂਸ ਬਿਊਰੋ ਵੱਲੋਂ ਰਿਸ਼ਵਤ ਲੈਂਦੇ ਦੋ ਏਐਸਆਈ ਕਾਬੂ

ਚੰਡੀਗੜ੍ਹ, 18 ਮਾਰਚ (ਪੋਸਟ ਬਿਊਰੋ)- ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਨਾਰਕੋਟਿਕ ਸੈੱਲ, ਅੰਮ੍ਰਿਤਸਰ ਵਿਖੇ ਤਾਇਨਾਤ ਦੋ ਸਹਾਇਕ ਸਬ ਇੰਸਪੈਕਟਰਾਂ (ਏਐਸਆਈ) ਨੂੰ 15,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਅਮ੍ਰਿਤਸਰ ਜ਼ਿਲ੍ਹੇ ਦੇ ਰਾਜੇਸ਼ ਬੱਬਰ ਦੀ ਸ਼ਿਕਾਇਤ 'ਤੇ ਏ.ਐਸ.ਆਈ. ਤਿਲਕ ਸਿੰਘ ਅਤੇ ਪ੍ਰਗਟ ਸਿੰਘ ਨੂੰ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਗਿਆ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਨੂੰ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਹੈ ਕਿ ਦੋਵੇਂ ਦੋਸ਼ੀ ਏ.ਐਸ.ਆਈ ਸ਼ਿਕਾਇਤਕਰਤਾ ਦੇ ਭਰਾ ਕੋਲੋਂ ਨਸ਼ੀਲੀਆਂ ਗੋਲੀਆਂ ਦੀ ਬਰਾਮਦਗੀ ਸਬੰਧੀ ਸ਼ਿਕਾਇਤਕਰਤਾ ਦੇ ਭਰਾ ਵਿਰੁੱਧ ਨਸ਼ੀਲੇ ਪਦਾਰਥਾਂ ਸਬੰਧੀ ਇਕ ਹੋਰ ਕੇਸ ਦਰਜ ਨਾ ਕਰਨ ਦੇ ਬਦਲੇ ਵਿੱਚ 20,000 ਰੁਪਏ ਦੀ ਮੰਗ ਕਰ ਰਹੇ ਸਨ ਅਤੇ ਸੌਦਾ 15,000 ਰੁਪਏ ਵਿੱਚ ਤੈਅ ਹੋਇਆ।

ਸ਼ਿਕਾਇਤਕਰਤਾ ਵੱਲੋਂ ਦਿੱਤੀ ਜਾਣਕਾਰੀ ਦੀ ਪੜਤਾਲ ਕਰਨ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਦੋਵੇਂ ਦੋਸ਼ੀ ਏਐਸਆਈ ਨੂੰ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿਚ ਸ਼ਿਕਾਇਤਕਰਤਾ ਕੋਲੋਂ 15,000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ।

ਬੁਲਾਰੇ ਨੇ ਦੱਸਿਆ ਕਿ ਉਕਤ ਦੋਸ਼ੀਆਂ ਖਿਲਾਫ਼ ਵਿਜੀਲੈਂਸ ਬਿਓਰੋ ਨੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਅੰਮ੍ਰਿਤਸਰ ਸਥਿਤ ਵਿਜੀਲੈਂਸ ਬਿਊਰੋ ਦੇ ਥਾਣੇ ਵਿਚ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8

FOR SALE
$369,900
2645 KIPLING AVE
ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋਂ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ।

FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।

SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।

# ਕੋਵਿਡ-19 ਦਾ ਕੋਈ ਵੀ ਸ਼ੱਕੀ ਵਿਅਕਤੀ ਫਰਾਰ ਨਹੀਂ: ਬਲਬੀਰ ਸਿੱਧੂ

ਚੰਡੀਗੜ੍ਹ, 18 ਮਾਰਚ (ਪੋਸਟ ਬਿਊਰੋ)- ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਅੱਜ ਸਪੱਸ਼ਟ ਕੀਤਾ ਕਿ ਪੰਜਾਬ ਵਿੱਚ ਕੋਰੋਨਾਵਾਇਰਸ ਦਾ ਕੋਈ ਵੀ ਮਰੀਜ਼ ਲਾਪਤਾ ਜਾਂ ਫਰਾਰ ਨਹੀਂ ਹੋਇਆ। ਉਨ੍ਹਾਂ ਨੇ ਮੀਡੀਆ ਰਿਪੋਰਟਾਂ ਨੂੰ ਗੈਰ-ਜ਼ਿੰਮੇਵਾਰਾਨਾ ਅਤੇ ਗਲਤ ਕਰਾਰ ਦਿੰਦਿਆਂ ਰੱਦ ਕਰ ਦਿੱਤਾ।

ਸ੍ਰੀ ਸਿੱਧੂ ਨੇ ਕਿਹਾ ਕਿ 167 ਲਾਪਤਾ ਵਿਅਕਤੀ ਜਿਨ੍ਹਾਂ ਦਾ ਲੁਧਿਆਣਾ ਦੇ ਸਿਵਲ ਸਰਜਨ ਵੱਲੋਂ ਜ਼ਿਕਰ ਕੀਤਾ ਗਿਆ ਸੀ, ਕੋਵਿਡ-19 ਦੇ ਸ਼ੱਕੀ ਕੇਸ ਨਹੀਂ ਸਨ ਪਰ ਇਨ੍ਹਾਂ ਵਿੱਚ ਵਿਦੇਸ਼ੀ ਦੌਰਾ ਕਰਨ ਵਾਲੇ ਕੁਝ ਲੋਕ ਸਨ ਜਿਨ੍ਹਾਂ ਨੂੰ ਭਾਰਤ ਸਰਕਾਰ ਵੱਲੋਂ ਰਾਬਤਾ ਕਰਨ ਦੇ ਅਧੂਰੇ ਵੇਰਵੇ ਸਾਂਝੇ ਕਰਨ ਕਰਕੇ ਲੱਭਿਆ ਨਹੀਂ ਜਾ ਸਕਿਆ। ਉਨ੍ਹਾਂ ਕਿਹਾ ਕਿ ਇਨ੍ਹਾਂ ਲੋਕਾਂ ਬਾਰੇ ਹੀ ਰਿਪੋਰਟਾਂ ਸਾਹਮਣੇ ਆਈਆਂ ਹਨ ਕਿ ਉਹ ਕੋਰੋਨਾ ਦੇ ਸ਼ੱਕੀ ਮਾਮਲੇ ਸਨ ਜੋ ਫਰਾਰ ਜਾਂ ਗੁੰਮ ਹੋ ਗਏ।

ਸਿਹਤ ਮੰਤਰੀ ਨੇ ਕਿਹਾ ਕਿ ਕੋਰੋਨਾਵਾਇਰਸ ਦੇ ਫੈਲਣ ਦੇ ਮੱਦੇਨਜ਼ਰ ਇਨ੍ਹਾਂ ਸਾਰੇ ਵਿਅਕਤੀਆਂ ਦੀ ਦਿੱਲੀ ਵਿੱਚ ਹਵਾਈ ਅੱਡੇ 'ਤੇ ਪਹਿਲਾਂ ਹੀ ਜਾਂਚ ਕੀਤੀ ਜਾ ਚੁੱਕੀ ਹੈ ਅਤੇ ਭਾਰਤ ਸਰਕਾਰ ਵੱਲੋਂ ਸਾਰੇ ਯਾਤਰੀਆਂ ਦੀਆਂ ਰਿਪੋਰਟਾਂ ਪੰਜਾਬ ਸਮੇਤ ਸਾਰੇ ਸਬੰਧਤ ਸੂਬਿਆਂ ਨਾਲ ਸਾਂਝੀ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਜਿਨ੍ਹਾਂ ਮੁਸਾਫਰਾਂ ਵਿੱਚ ਲੱਛਣ ਪਾਏ ਗਏ ਹਨ, ਉਨ੍ਹਾਂ ਨੂੰ ਪ੍ਰੋਟੋਕੋਲ ਮੁਤਾਬਕ ਇਕਾਂਤ ਵਿੱਚ ਰੱਖਿਆ ਗਿਆ ਜਦਕਿ ਜਿਨ੍ਹਾਂ ਮੁਸਾਫਰਾਂ ਵਿੱਚ ਲੱਛਣ ਨਹੀਂ ਮਿਲੇ, ਉਨ੍ਹਾਂ ਦੀਆਂ ਸੂਚੀਆਂ ਸਬੰਧਤ ਸੂਬੇ ਨਾਲ ਸਾਂਝੀਆਂ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਦੱਸਿਆ ਕਿ ਇਹਤਿਆਤ ਦੇ ਤੌਰ 'ਤੇ ਪੰਜਾਬ ਸਰਕਾਰ ਇਨ੍ਹਾਂ ਲੋਕਾਂ ਦੀਆਂ ਵਿਦੇਸ਼ੀ ਮੁਲਕ ਦੇ ਦੌਰੇ ਅਤੇ ਸਿਹਤ ਦੀ ਸਥਿਤੀ ਜਾਣਨ ਦੀ ਮੁੜ ਤਸਦੀਕ ਕਰਨ ਲਈ ਰਾਬਤਾ ਕਾਇਮ ਕਰਦੀ ਹੈ।

ਸ੍ਰੀ ਸਿੱਧੂ ਇਸ ਮਾਮਲੇ ਵਿੱਚ ਭਾਰਤ ਸਰਕਾਰ ਦੁਆਰਾ ਸਾਂਝੇ ਕੀਤੇ 335 ਯਾਤਰੀਆਂ ਦੇ ਸੰਪਰਕ ਵੇਰਵੇ ਅਧੂਰੇ ਸਨ ਅਤੇ ਇਨ੍ਹਾਂ ਯਾਤਰੀਆਂ ਦੀਆਂ ਸੂਚੀਆਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਨਾਲ ਸਾਂਝਾ ਕੀਤਾ ਗਿਆ ਸੀ ਅਤੇ ਕੇਂਦਰ ਸਰਕਾਰ ਨੂੰ ਵੀ ਨਿਯਮਤ ਤੌਰ 'ਤੇ ਸੂਚਿਤ ਕੀਤਾ ਗਿਆ ਸੀ। ਇਸ ਤੋਂ ਬਾਅਦ, ਇਹਨਾਂ ਵਿੱਚੋਂ 191 ਯਾਤਰੀਆਂ ਨੂੰ ਸਫਲਤਾਪੂਰਵਕ ਸੰਪਰਕ ਕੀਤਾ ਗਿਆ, ਅਤੇ ਉਨ੍ਹਾਂ ਵਿਚ ਕਿਸੇ ਵੀ ਤਰ੍ਹਾਂ ਦੇ ਕੋਈ ਲੱਛਣ ਨਹੀਂ ਪਾਏ ਗਏ ਸਨ ਅਤੇ ਨਿਗਰਾਨੀ ਦੇ 14 ਦਿਨਾਂ ਦੀ ਮਿਆਦ ਨੂੰ ਪਾਰ ਕਰ ਚੁੱਕੇ ਸਨ।

ਸਿਹਤ ਮੰਤਰੀ ਨੇ ਕਿਹਾ, ਇਹ ਕਹਿਣਾ ਬਹੁਤ ਗ਼ੈਰ ਜ਼ਿੰਮੇਵਾਰਾਨਾ ਅਤੇ ਗਲਤ ਹੈ ਕਿ ਇਹ ਕੋਵੀਡ -19 ਦੇ ਸ਼ੱਕੀ ਮਾਮਲੇ ਹਨ ਕਿਉਂਕਿ ਉਹ ਯਾਤਰੀ ਸਨ,। ਉਨ੍ਹਾਂ ਸਪੱਸ਼ਟ ਕਰਦਿਆਂ ਕਿਹਾ ਕਿ ਪੰਜਾਬ ਵਿਚ ਹੁਣ ਤੱਕ ਕੋਵਾਈਡ -19 ਦੇ ਸਿਰਫ ਇਕ ਮਾਮਲੇ ਦੀ ਪੁਸ਼ਟੀ ਹੋਈ ਹੈ। ਇਹ ਯਾਤਰੀ ਇਟਲੀ ਤੋਂ ਆਇਆ ਸੀ ਅਤੇ ਇਸ ਦੀ ਅੰਮ੍ਰਿਤਸਰ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਜਾਂਚ ਕੀਤੀ ਗਈ ਸੀ ਅਤੇ ਜੀ ਐਮ ਸੀ ਅੰਮ੍ਰਿਤਸਰ ਵਿਖੇ ਦਾਖਲ ਕਰਵਾਇਆ ਗਿਆ ਸੀ ਜਿਸਦੀ ਸਥਿਤੀ ਹੁਣ ਸਥਿਰ ਹੈ।

ਅੱਜ ਤਕ, 7523 ਯਾਤਰੀਆਂ ਦੀ ਸੂਚੀ ਸੂਬਾ ਸਰਕਾਰ ਨੂੰ ਪ੍ਰਾਪਤ ਹੋਈ ਹੈ ਅਤੇ ਸਿਹਤ ਮੰਤਰੀ ਅਨੁਸਾਰ ਇਨ੍ਹਾਂ ਵਿੱਚੋਂ 6083 ਨੇ ਨਿਗਰਾਨੀ ਦੀ ਮਿਆਦ ਪੂਰੀ ਕਰ ਲਈ ਹੈ। ਰਾਜ ਵਿਚ ਟੈਸਟ ਕੀਤੇ ਗਏ ਨਮੂਨਿਆਂ ਦੀ ਕੁੱਲ ਗਿਣਤੀ 117 ਰਹੀ, ਜਿਨ੍ਹਾਂ ਵਿੱਚੋਂ ਇਕ ਪਾਜ਼ੇਟਿਵ ਪਾਏ ਜਾਣ ਤੋਂ ਇਲਾਵਾ, 112 ਦੇ ਨੈਗੇਟਿਵ ਪਾਏ ਗਏ ਹਨ। ਚਾਰ ਟੈਸਟਾਂ ਦੀ ਰਿਪੋਰਟ ਹਾਲੇ ਆਉਣੀ ਹੈ। ਅੱਠ ਵਿਅਕਤੀਆਂ ਨੂੰ ਹਸਪਤਾਲਾਂ ਵਿਖੇ ਨਿਗਰਾਨੀ ਹੇਠ ਰੱਖਿਆ ਗਿਆ ਹੈ ਜਦਕਿ 1298 ਘਰਾਂ ਵਿਚ ਨਿਗਰਾਨੀ ਕੀਤੀ ਜਾ ਰਹੀ ਹੈ।

ਬਿਜਲੀ ਦਾ ਕੋਈ ਵੀ ਛੋਟਾ ਜਾਂ ਵੱਡਾ ਕੰਮ
FOR ALL KINDS OF ELECTRICAL WORK

Indoor / Outdoor
POT LIGHTS

INDOOR ਜਾਂ OUTDOOR LED POT LIGHTS ਲਗਵਾਉਣ ਤੇ DIMMER FREE ਲਗਵਾਓ

- Industrial Lighting / Automation
- Residential/ Commercial/ Industrial
- Basement / Custom Homes Wiring
- Service Panel Upgrading
- Fire Alarm / Security System
- Drive way Lights
- CCTV Camera
- UPS & Battery Banks

Contact: Nirmal Johal
Certified Technician
647-716-2677

Heart&Stroke™

# ਸਟਰੋਕ ਦੇ ਲੱਛਣ

**F ace** ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A rms** ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S peech** ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T ime** ਸਮੇਂ: ਸਮੇਂ ਦੀ ਅਹਿਮੀਅਤ ਸਮਝੋ – ਝਟਪਟ 911 'ਤੇ ਫ਼ੋਨ ਕਰੋ

Learn the signs, act F A S T and call 9-1-1.

**heartandstroke.ca/FAST**

Funding provided by:

Ontario

© Heart and Stroke Foundation of Canada, 2018 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.
Views expressed by the Heart and Stroke Foundation do not necessarily reflect those of the Government of Ontario.

www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232

Advertisement GUARANTEED Till SOLD
Other Realtors only Promise
But JAG AUJLA SOLD YOUR HOME WITH
GUARANTEE
OR HE WILL BUY IT!

Call For a Quick & Free Home Evaluation
www.BramptonQuickHomeEvaluation.com
1% Top Ranked Broker

Urgently Need New Listing in Brampton/ GTA Call Jag Today To Sell Your Property For Top $$$ & Accurate Price

BRAMPTON
ਹਰੰਟਾਰੀਓ (ਹਾਈਵੇ 10) / ਮੇਅਫੀਲਡ
ਬਹੁਤ ਹੀ ਸੋਹਣਾ ਅਤੇ ਸ਼ਾਨਦਾਰ ਡੀਟੈਚਡ ਘਰ ਜਿਸ ਵਿੱਚ 4 ਬੈਡਰੂਮ ਅਤੇ 5 ਵਾਸ਼ਰੂਮ ਹਨ ਅਤੇ 2 ਕਾਰ ਗਰਾਜ ਹਨ। ਫਿਨੀਸ਼ਡ ਬੇਸਮੈਂਟ ਹੈ ਅਤੇ ਇਨਗਰਾਊਂਡ ਸਵਿਮਿੰਗ ਪੂਲ ਵੀ ਹੈ। ਸਾਰੇ ਘਰ ਵਿੱਚ ਹਾਰਡਵੁਡ ਫਲੌਰ ਹੈ ਅਤੇ ਕਿਤੇ ਵੀ ਕਾਰਪਟ ਨਹੀਂ ਹੈ। ਹਾਈ ਐਂਡ ਕਿਚਨ ਕੈਬਨੇਟ ਅਤੇ ਗਰੇਨਾਈਟ ਕਾਊਨਟਰ ਟਾਪ। ਮੈਨ ਫਲੋਰ ਲਾਂਡਰੀ ਹੈ। ਪੋਟ ਲਾਈਟਾਂ ਵੀ ਲਗੀਆਂ ਹਨ।

MISSISSAUGA
ਗਲੇਨ ਏਰੀਨ / ਡਨਵੀਨ ਡਰਾਈਵ
ਬਹੁਤ ਹੀ ਸ਼ਾਨਦਾਰ ਮੋਡਲ ਬੰਗਲਓ ਜਿਸ ਵਿੱਚ 3+1 ਬੈਡਰੂਮ ਅਤੇ ਫਿਨੀਸ਼ਡ ਵਾਕ ਆਊਟ ਬੇਸਮੈਂਟ ਹੈ ਜੋ ਕਿ ਵੱਡੇ ਬੈਕ ਯਾਰਡ ਨੂੰ ਜਾਂਦਾ ਹੈ ਜਿਸ ਵਿੱਚ ਵੁਡਨ ਡੈਕ ਅਤੇ ਸ਼ੇਡ ਹੈ। ਸਾਰਾ ਘਰ ਰੇਨੋਵੇਟ ਅਤੇ ਸਾਰੇ ਘਰ ਵਿੱਚ ਹਾਰਡਵੂਡ ਅਤੇ ਲੈਮੀਨੇਟ ਫਲੋਰ ਹੈ, ਮਾਸਟਰ ਬੈਡਰੂਮ ਸੇਮੀ ਈਨਸੂਟ ਹੈ, ਅਪਗ੍ਰੇਡੇਡ ਕਿਚਨ ਅਪਲਾਈਨਸੈਸ।

BRAMPTON
ਫਾਦਰ ਟੋਬੀਨ / ਬਰੈਮਲੀਅ ਰੋਡ
ਰੈਵੀਨ ਨੂੰ ਘਰ ਦਾ ਫਰੰਟ। ਬਹੁਤ ਹੀ ਸ਼ਾਨਦਾਰ 4+1 ਬੈਡਰੂਮ ਅਤੇ 5 ਵਾਸ਼ਰੂਮ ਦਾ ਘਰ। ਪ੍ਰੋਫੈਸ਼ਨਲੀ ਫਿਨੀਸ਼ਡ ਬੇਸਮੈਂਟ। ਡਬਲ ਡੋਰ ਏਨਟਰੀ, ਮੈਨ ਫਲੋਰ 9 ਫੁੱਟ ਸਿਲਿੰਗ, ਸਟੈਨਡ ਹਾਰਡਵੂਡ ਫਲੋਰ ਅਤੇ ਸਟੈਨਡ ਓਕ ਸਟੇਅਰਕੇਸ, ਮਾਸਟਰ ਬੈਡਰੂਮ 5 ਪੀਸ ਈਨਸੂਟ, ਹਾਈਲੀ ਅਪਗ੍ਰੇਡੇਡ ਕਿਚਨ ਅਤੇ ਗਰੇਨਾਈਟ ਕਾਊਟਰ ਟਾਪ ਅਤੇ ਸੈਂਟਰ ਆਈਲੈਂਡ।

BRAMPTON
ਬ੍ਰਿਸਡੈਲ / ਕ੍ਰੇਡੀਟਵਿਊ
SOLD $33000 OVER ASKING PRICE IN 2 DAYS

BRAMPTON
ਮੇਵੀਸ / ਸਟੀਲ
ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ ਘਰ ਜਿਸ ਵਿੱਚ 3 ਬੈਡਰੂਮ ਅਤੇ 3 ਵਾਸ਼ਰੂਮ ਹਨ, ਸਾਰੇ ਘਰ ਵਿੱਚ ਨਵਾਂ ਪੇਂਟ ਕੀਤਾ ਹੈ। ਬੇਸਮੈਂਟ ਬਣਨ ਵਾਲੀ ਹੈ। ਮੈਨ ਫਲੋਰ 9 ਫੁੱਟ ਸਿਲਿੰਗ। ਸਾਰੇ ਘਰ ਵਿੱਚ ਹਾਰਡਵੂਡ ਅਤੇ ਲੈਮੀਨੇਟ ਫਲੋਰ। ਮਾਸਟਰ ਬੈਡਰੂਮ 5 ਪੀਸ ਈਨਸੂਟ ਅਤੇ ਵਾਕ ਈਨ ਕਲੋਜ਼ਟ, ਨਵੀਂਆਂ ਅਪਲਾਈਨਸੈਸ। ਬਹੁਤ ਜਲਦੀ ਵਿਕਣ ਵਾਲਾ ਘਰ ਹੈ।



Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂੰਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com



OURR HOME & APPLIANCES
UPTO 70% OFF WAREHOUSE SALE
416.551.3343 OPEN TO PUBLIC
www.ourrhomeappliances.com
Unbeatable Prices with Excellent Customer Service
SERVING ONTARIO FROM
TORONTO
44 FASKEN DR, # 2 - 9
ETOBICOKE, ON M9W 5M8
(416)-792-0877, (416)-551-3343
STONEY CREEK
#6 – 410 LEWIS ROAD
STONEY CREEK, ON L8E 5Y7
(905) 643-0818
LONDON
#4 -1540 FANSHAWE PARK RD. W,
LONDON, ON N6H 5L8
(519)-641-1010
BRAMPTON
1-241 CLARENCE ST.,
BRAMPTON, ON L6W 3E7
(416)-551-3343
AUTHORISED DEALER OF ALL NAME BRANDS
JENN-AIR. Whirlpool MAYTAG Electrolux SAMSUNG LG KitchenAid FRIGIDAIRE GE
BRAND NEW & OPEN BOX APPLIANCES



REXDALE BODY SHOP
USED CAR SALE
Specialization In:
* All Kinds of Body Work
* Auto Glass Windshield
* Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com



Do you have the BEST type of Mortgage Insurance?

| | Mortgage Insurance from THE BANK | Life Insurance from an Insurance Company |
|---|---|---|
| Beneficiary | The Bank | Your Family ✓ |
| Payout | Decreasing | Fixed ✓ |
| Portable | NO | YES ✓ |
| Underwriting | Post - Claim Underwriting | Time of Application ✓ |

Know the Difference
Be Informed.

ALL INSURABLE

| | | |
|---|---|---|
| Alcoholism | Cancer | Chronic Kidney Disease |
| COPD | Declined Life Insurance | Diabetes |
| Drug Addiction | DUI | Epilepsy |
| Hazardous Sports | Heart Attack | Hepatitis A,B,C |
| Mental Illness | Multiple Sclerosis | Parkinson's Disease |
| Stroke | TIA | Valid Work Permit |

Life Insurance Coverage up to $500,000
No Medical Test Needed

Pedro Nazare - pnazare51@hotmail.com - (647) 282-1364
Devinder Pal Singh - devgta@gmail.com - (647) 785-1575



Carte WEALTH MANAGEMENT INC. KANG TAX & FINANCIAL SERVICES
- Personal and Corporate Tax Filings**
- RDSP, RESP, RRSP, TFSA Plans*
- Life, Critical, Disability, Visitor Insurance***

FREE Tax Filing For New Immigrants
416-271-4877
Sukhwinder Kang (M.Sc. CFP) Financial Advisor
2645 ISLINGTON AVENUE, Unit # 101
ALBION & ISLINGTON, ETOBICOKE
OVER INDIA BAZAR GROCERY STORE
e-mail:sukhwinder.kang@cartewm.com
* Mutual funds provided by Carte Wealth Management Inc.
** Tax planning and filings provided by Kang Tax & Financial Services
***Insurance sold through Carte Risk Management Inc., Financial Horizon and Aaxel Insurance.



IFS INTERSTATE FREIGHT SYSTEMS INC.
A/Z ਡਰਾਈਵਰਾਂ ਦੀ ਲੋੜ
USA, Montreal, Montreal Local Within Ontario
ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ
Also Hiring Owner Operators for local work & US
- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystems.com
Call: 416-452-0677